# ਦਸਵਾਂ ਨਾਨਕ

(ਗੁਰੂ ਗੋਬਿੰਦ ਸਿੰਘ)

ਮਾਰਚ ੧੫, ੨੦੧੯

ਸ੍ਰੀ ਹੇਮਕੁੰਟ ਫ਼ਾਊਂਡੇਸ਼ਨ ਇੰਕ

ਦੇ

ਸ਼ਰਧਾਲੂ ਸੇਵਾਦਾਰਾਂ ਵਲੋਂ

# ਤਤਕਰਾ


| | | |
|---|---|---|
| ੧. | ਮੁੱਢਲਾ ਜੀਵਨ | ੩ |
| ੨. | ਕਸ਼ਮੀਰੀ ਬ੍ਰਾਹਮਣੀ ਦੀ ਰੱਖਿਆ ਕਰਨਾ | ੫ |
| ੩. | ਗੁਰੂ ਰੂਪ ਵਿੱਚ ਗੋਬਿੰਦ ਰਾਏ ਅਤੇ ਪਾਉਂਟਾ ਸਾਹਿਬ | ੭ |
| ੪. | ਅਨੰਦਪੁਰ ਸਾਹਿਬ ਵਿਖੇ ਸਿੱਖਿਆ ਕੇਂਦਰ | ੯ |
| ੫. | ਭੰਗਾਣੀ ਦਾ ਯੁੱਧ ਅਤੇ ਪੀਰ ਬੁੱਧੂ ਸ਼ਾਹ | ੧੧ |
| ੬. | ਭਾਈ ਘਨ੍ਹਈਆ ਨੂੰ ਮਾਨਵ-ਭਲਾਈ ਦਾ ਕੰਮ ਸੌਂਪਣਾ | ੧੩ |
| ੭. | ਨਦੌਣ ਦੀ ਜੰਗ | ੧੫ |
| ੮. | ਮਸੰਦਾਂ ਦਾ ਖਾਤਮਾ | ੧੫ |
| ੯. | ਪੰਜ ਪਿਆਰੇ | ੧੬ |
| ੧੦. | ਖਾਲਸੇ ਦੀ ਸਾਜਨਾ - ਇਕ ਕ੍ਰਾਂਤੀਕਾਰੀ ਕਾਰਜ | ੧੯ |
| ੧੧. | ਪਹਾੜੀ ਰਾਜਿਆਂ ਦਾ ਹਮਲਾ | ੨੩ |
| ੧੨. | ਸ਼ਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੀ ਸ਼ਹੀਦੀ | ੨੫ |
| ੧੩. | ਉੱਚ ਦਾ ਪੀਰ | ੨੭ |
| ੧੪. | ਸ਼ਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਦੀ ਸ਼ਹੀਦੀ | ੨੮ |
| ੧੫. | ਚਾਲੀ ਮੁਕਤੇ | ੩੦ |
| ੧੬. | ਡੱਲੇ ਨੂੰ ਬਹਾਦਰੀ ਦਾ ਭੁਲੇਖਾ | ੩੩ |
| ੧੭. | ‘ਜ਼ਫ਼ਰਨਾਮਾ’ ਅਸਰਦਾਇਕ ਸਿੱਧ ਹੋਇਆ | ੩੫ |
| ੧੮. | ਮਾਧੋ ਦਾਸ ਤੋਂ ਬੰਦਾ ਬਹਾਦੁਰ | ੩੬ |
| ੧੯. | ਸ਼ਬਦ ਹੀ ਗੁਰੂ ਹੈ | ੩੮ |
| ੨੦. | ਦਸਵੇਂ ਨਾਨਕ ਦੀਆਂ ਵਿਸ਼ੇਸ਼ਤਾਈਆਂ | ੪੦ |
| ੨੧. | ਵਿਸ਼ਵ ਦੀਆਂ ਮਹੱਤਵਪੂਰਣ ਘਟਨਾਵਾਂ | ੪੧ |
| ੨੨. | ਹਵਾਲੇ | ੪੧ |

# ੧. ਮੁੱਢਲਾ ਜੀਵਨ

**੧੬੬੬** *(ਜਨਮ):* ਗੋਬਿੰਦ ਰਾਏ, ਸਿੱਖ ਧਰਮ ਦੇ ਦਸਵੇਂ ਅਤੇ ਆਖਰੀ ਮਾਨਵ-ਰੂਪੀ ਗੁਰੂ ਨੇ ਭਾਰਤ ਦੇ ਬਿਹਾਰ ਰਾਜ ਦੇ ਪਟਨਾ ਸ਼ਹਿਰ ਵਿੱਚ ੨੨ ਦਸੰਬਰ ੧੬੬੬ ਨੂੰ ਜਨਮ ਧਾਰਿਆ। ਉਸ ਸਮੇਂ ਆਪ ਜੀ ਦੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਲੋਕਾਂ ਵਿੱਚ ਪਿਆਰ, ਸੇਵਾ ਅਤੇ ਪ੍ਰਮਾਤਮਾ ਪ੍ਰਤੀ ਸ਼ਰਧਾ-ਭਾਵਨਾ ਦਾ ਪਰਚਾਰ ਕਰਨ ਹਿਤ ਬੰਗਾਲ ਅਤੇ ਆਸਾਮ ਦਾ ਦੌਰਾ ਕਰ ਰਹੇ ਸਨ। ਇਹ ਸੰਦੇਸ਼ ਸਿੱਖ ਧਰਮ ਦੇ ਬਾਨੀ ਪਹਿਲੇ ਗੁਰੂ - ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਇਆ ਗਿਆ ਸੀ। ਪਟਨਾ ਪਹੁੰਚਣ ਵੇਲੇ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੇ ਆਪਣੇ ਪਰਵਾਰ ਦੇ ਰਹਿਣ ਦਾ ਪ੍ਰਬੰਧ ਪਟਨਾ ਵਿੱਚ ਹੀ ਕੀਤਾ। ਆਪਣੇ ਇਕਲੌਤੇ ਪੁੱਤਰ ਗੋਬਿੰਦ ਰਾਏ ਦੇ ਜਨਮ ਵੇਲੇ ਗੁਰੂ ਤੇਗ਼ ਬਹਾਦੁਰ ਸਾਹਿਬ ਆਸਾਮ ਦਾ ਦੌਰਾ ਕਰ ਦਹੇ ਸਨ। ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਪਤਨੀ ਮਾਤਾ ਗੂਜਰੀ ਜੀ ਨੇ ਆਪਣੇ ਬੇਟੇ ਦਾ ਨਾਮ ਗੋਬਿੰਦ ਰਾਏ ਰਖਿਆ।

ਪੀਰ ਭੀਖਣ ਸ਼ਾਹ ਨੂੰ ਗਬਿੰਦ ਰਾਏ ਦੇ ਜਨਮ ਬਾਰੇ ਪਤਾ ਲਗਿਆ ਤਾਂ ਉਸ ਨੇ ਗੋਬਿੰਦ ਰਾਏ ਦੇ ਦਰਸ਼ਨ ਕਰਨ ਦੀ ਖਾਹਸ਼ ਕੀਤੀ। ਪੀਰ ਭੀਖਣ ਸ਼ਾਹ ਇਕ ਮੁਸਲਿਮ ਸੰਤ ਸੀ ਪਰ ਉਹ ਮੁਸਲਿਮ ਅਤੇ ਹਿੰਦੂਆਂ, ਦੋਨਾਂ ਦਾ ਸਤਿਕਾਰ ਕਰਦਾ ਸੀ। ਦੋ ਮਹੀਨਿਆਂ ਦੇ ਅੰਦਰ ਪੀਰ ਜੀ ਆਪਣੇ ਕੁਝ ਸੇਵਕਾਂ ਸਹਿਤ ਪਟਨਾ ਸ਼ਹਿਰ ਪਹੁੰਚੇ ਅਤੇ ਬੱਚੇ ਨੂੰ ਮਿਲਣ ਦੀ ਖ਼ਾਹਸ਼ ਪ੍ਰਗਟ ਕੀਤੀ। ਗੁਰੂ ਜੀ ਦੇ ਮਾਮਾ ਕਿਰਪਾਲ ਚੰਦ ਨੇ ਪੀਰ ਜੀ ਨੂੰ ਦਸਿਆ ਕਿ ਪਹਿਲਾਂ ਗੋਬਿੰਦ ਰਾਏ ਜੀ ਦੇ ਪਿਤਾ ਜੀ ਬੱਚੇ ਦੇ ਦਰਸ਼ਨ ਕਰਨਗੇ ਉਸ ਤੋਂ ਬਾਅਦ ਹੀ ਉਹ ਬੱਚੇ ਦੇ ਦਰਸ਼ਨ ਕਰ ਸਕਣਗੇ। ਪੀਰ ਜੀ ਬਹੁਤ ਨਿਰਾਸ਼ ਹੋਏ ਅਤੇ ਖਾਣਾ ਪੀਣਾ ਛੱਡ ਦਿੱਤਾ। ਕੁਝ ਦਿਨਾਂ ਬਾਅਦ, ਕਿਰਪਾਲ ਚੰਦ ਜੀ ਨੂੰ ਪੀਰ ਜੀ ਤੇ ਤਰਸ ਆਇਆ ਤੇ ਉਸਦੀ ਬੇਨਤੀ ਨੂੰ ਮੰਨ ਲਿਆ।

ਗੋਬਿੰਦ ਰਾਏ ਦੇ ਦਰਸ਼ਨ ਕਰਕੇ ਪੀਰ ਭੀਖਣ ਸ਼ਾਹ ਬਹੁਤ ਖ਼ੁਸ਼ ਹੋਇਆ। ਉਹ ਇਹ ਜਾਨਣ ਦਾ ਇੱਛੁਕ ਸੀ ਕਿ ਕੀ ਗੋਬਿੰਦ ਰਾਏ ਵੱਡੇ ਹੋ ਕੇ ਗੁਰੂ ਬਣਕੇ ਆਪਣੇ ਪਿਤਾ ਜੀ ਅਤੇ ਪਹਿਲੇ ਗੁਰੂਆਂ ਦੀ ਸਿਖਿਆ ਅਨੁਸਾਰ ਮੁਸਲਿਮ ਅਤੇ ਹਿੰਦੂਆਂ ਪ੍ਰਤੀ ਬਰਾਬਰ ਦੇ ਹਿਤੈਸ਼ੀ ਰਹਿਣਗੇ, ਜਾਂ ਇਕ ਧਰਮ ਨੂੰ ਦੂਜੇ ਤੋਂ ਬੇਹਤਰ ਸਮਝਣਗੇ? ਪੀਰ ਜੀ ਨੇ ਮਿੱਟੀ ਦੀਆਂ ਦੋ ਕੁੱਜੀਆ - ਇਕ ਵਿੱਚ ਪਾਣੀ ਅਤੇ ਦੂਜੀ ਵਿੱਚ ਦੁੱਧ ਪਾ ਕੇ - ਗੁਰੂ ਰੂਪ ਬੱਚੇ ਅੱਗੇ ਰੱਖ ਦਿਤੀਆਂ। ਪੀਰ ਜੀ ਦਾ ਭਾਵ ਪਾਣੀ ਵਾਲੀ ਕੁੱਜੀ ਤੋਂ ਮੁਸਲਿਮ ਅਤੇ ਦੁੱਧ ਵਾਲੀ ਕੁੱਜੀ ਤੋਂ ਹਿੰਦੂ ਸੀ। ਗੋਬਿੰਦ ਰਾਏ ਜੀ ਨੇ ਆਪਣੇ ਦੋਨੋ ਹੱਥ ਸੁਭਾਵਕ ਰੂਪ ਵਿੱਚ ਹੀ ਦੋਨਾਂ ਕੁੱਜੀਆਂ ਉੱਪਰ ਰੱਖ ਦਿੱਤੇ। ਪੀਰ ਜੀ ਨੇ ਜਾਣ ਲਿਆ ਕਿ ਆਉਣ ਵਾਲੇ ਸਮੇਂ ਵਿੱਚ ਗੁਰੂ-ਰੂਪੀ ਸਿੱਖ ਆਗੂ ਗੋਬਿੰਦ ਰਾਏ ਭਾਰਤ ਵਿੱਚਲੀਆਂ ਦੋਨੋ ਮੁੱਖ ਜਾਤੀਆਂ - ਹਿੰਦੂਆ ਅਤੇ ਮੁਸਲਿਮਾਨਾਂ ਦਾ - ਬਰਾਬਰ ਦਾ ਰਹਿਨੁਮਾਂ ਬਣੇਗਾ। ਇਹ ਦੋਵੇਂ ਜਾਤੀਆਂ ਭਾਰਤ ਵਿੱਚ ਉਸ ਵੇਲੇ ਸਿੱਖ ਧਰਮ ਅਤੇ ਸਿੱਖਾਂ ਨਾਲ ਰਲ ਮਿਲਕੇ ਰਹਿੰਦੇ ਸਨ।

**੧੬੭੦** *(ਉਮਰ ੪)*: ਗੁਰੂ ਤੇਗ਼ ਬਹਾਦੁਰ ਜੀ ਨੇ ਆਸਾਮ ਅਤੇ ਬੰਗਾਲ ਤੋਂ ਪਰਤਦਿਆਂ ਹੋਇਆਂ ਆਪਣੇ ਪਰਵਾਰ ਨੂੰ ਪਟਨਾ ਤੋਂ ਪੰਜਾਬ ਆਉਣ ਲਈ ਕਿਹਾ। ਪਟਨਾ ਵਿੱਚ ਹੋਏ ਜਨਮ ਅਤੇ ਬਚਪਨ ਬਿਤਾਉਣ ਵਾਲੇ ਸਥਾਨ ਤੇ ਅੱਜ ਕਲ੍ਹ ਇਕ ਗੁਰਦੁਆਰਾ 'ਤਖ਼ਤ  ਹਰਿਮੰਦਰ ਸਾਹਿਬ' ਸੁਸ਼ੋਭਤ ਹੈ, ਜੋ ਸਿੱਖ ਧਰਮ ਦੇ ਪੰਜ ਪੂਜਨੀਕ ਧਾਰਮਿਕ ਸਥਾਨਾਂ ਵਿੱਚੋਂ ਇਕ 'ਤਖ਼ਤ' ਹੈ।

**੧੬੭੨** *(ਉਮਰ ੬):* ਗੋਬਿੰਦ ਰਾਏ ਜੀ ਅਨੰਦ ਪੁਰ ਸਾਹਿਬ ਮਾਰਚ ੧੬੭੨ ਵਿੱਚ ਪਹੁੰਚੇ (ਇਹ ਨਗਰ ਉਸ ਵੇਲੇ ਚੱਕ ਨਾਨਕੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ) ਅਤੇ ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਸਥਿੱਤ ਹੈ। ਉੱਥੇ ਗੋਬਿੰਦ ਰਾਏ ਦੀ ਮੁੱਢਲੀ ਸਿਖਿਆ ਬ੍ਰਿਜ, ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾਵਾਂ ਦੇ ਪੜ੍ਹਨ ਲਿਖਣ ਵਿੱਚ ਹੋਈ। ਪਟਨਾ ਤੋਂ ਅਨੰਦ ਪੁਰ ਪਹੁੰਚਣ ਤੇ ਗੋਬਿੰਦ ਰਾਏ ਜੀ ਨੇ ਮੁਨਸ਼ੀ ਸਾਹਿਬ ਚੰਦ ਤੋਂ ਪੰਜਾਬੀ ਸਿੱਖਣ ਦਾ ਮਹੱਤਵ-ਪੂਰਣ ਕਾਰਜ ਆਰੰਭ ਕੀਤਾ। ਪੰਜਾਬੀ ਸਿੱਖਣਾ ਇਕ ਅਹਿਮ ਕਾਰਜ ਸੀ ਕਿਉਂਕਿ ਗੁਰੂ ਨਾਨਕ ਦੇਵ ਜੀ ਦੀਆਂ ਸਾਰੀਆਂ ਸਿਖਿਆਵਾਂ ਪੰਜਾਬੀ ਭਾਸ਼ਾ ਿਵਚ ਲਿਖੀਆਂ ਹੋਈਆਂ ਸਨ। ਗੋਬਿੰਦ ਰਾਏ ਜੀ ਨੂੰ ਫ਼ਾਰਸੀ ਪੜ੍ਹਾਉਣ ਦਾ ਕਾਰਜ ਮੁਨਸ਼ੀ ਪੀਰ ਮੁਹੰਮਦ ਨੂੰ ਸੌਂਪਿਆ ਗਿਆ ਕਿਉਂਕਿ ਫ਼ਾਰਸੀ ਉਸ ਵੇਲੇ ਸਰਕਾਰੀ ਕੰਮ-ਕਾਜ ਦੀ ਭਾਸ਼ਾ ਸੀ। ਪੰਡਤ ਕਿਰਪਾ ਰਾਮ ਦੱਤ ਨੇ ਸੰਸਕ੍ਰਿਤ, ਹਿੰਦੀ ਅਤੇ ਬ੍ਰਿਜ ਭਾਸ਼ਾਵਾਂ ਦੀ ਪੜ੍ਹਾਈ ਕਰਵਾਈ।

******************

# ੨. ਕਸ਼ਮੀਰੀ ਬ੍ਰਾਹਮਣਾਂ ਦੀ ਰੱਖਿਆ ਕਰਨਾ

**੧੬੭੫** *(ਉਮਰ ੯)*: ਗੋਬਿੰਦ ਰਾਏ ਜੀ ਹਾਲੇ ਨੌ ਸਾਲ ਦੇ ਹੀ ਸਨ ਜਦ ਕੁਝ ਮਹੱਤਵਪੂਰਣ ਘਟਨਾਵਾਂ ਨੇ ਸਿੱਖ ਜਗਤ ਨੂੰ, ਜਿਸਦੀ ਉਸਨੇ ਅਗਵਾਈ ਕਰਨੀ ਸੀ, ਸਮੂਹ ਰੂਪ ਵਿੱਚ ਮੁਸ਼ਕਲਾਂ ਵਿੱਚ ਘੇਰ ਲਿਆ। ਵੇਲੇ ਦੇ ਸਮਰਾਟ ਔਰੰਗਜ਼ੇਬ ਦੇ ਕਹਿਣ ਤੇ ਕਸ਼ਮੀਰ ਦੇ ਗਵਰਨਰ ਨੇ ਸਾਰੇ ਹਿੰਦੂਆਂ ਨੂੰ ਤਸੀਹੇ ਦੇਂਦਿਆਂ ਮੁਸਲਿਮ ਧਰਮ ਧਾਰਣ ਕਰਨ ਲਈ ਮਜਬੂਰ ਕੀਤਾ। ਵਿਰੋਧ ਕਰਨ ਵਾਲਿਆਂ ਨੂੰ ਸਜ਼ਾਵਾਂ ਦਿਤੀਆਂ ਜਾਂਦੀਆ ਅਤੇ ਬੇਰਹਿਮੀ ਨਾਲ ਲਗਾਤਰ ਤਸੀਹੇ ਦਿੱਤੇ ਜਾਂਦੇ। ਝੁਕਣ ਵਾਲਿਆਂ ਵਿੱਚ ਸਭ ਤੋਂ ਪਹਿਲਾਂ ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕ ਸਨ ਜਿਹਨਾਂ ਨਾ-ਚਾਹੁੰਦਿਆਂ ਵੀ ਇਸਲਾਮ ਕਬੂਲ ਕਰ ਲਿਆ। ਛੇਤੀ ਹੀ ਕਸ਼ਮੀਰ ਦੇ ਕੁਝ ਬ੍ਰਾਹਮਣ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਅਨੰਦ ਪੁਰ ਆਏ ਅਤੇ ਗੁਰੂ ਤੇਗ਼ ਬਹਾਦੁਰ ਜੀ ਪਾਸੋਂ ਸਹਾਇਤਾ ਦੀ ਮੰਗ ਕੀਤੀ। ਪੰਡਤ ਕਿਰਪਾ ਰਾਮ ਗੁਰੂ ਤੇਗ਼ ਬਹਾਦੁਰ ਜੀ ਨੂੰ ਨਿੱਜੀ ਰੂਪ ਵਿੱਚ ਜਾਣਦਾ ਸੀ ਕਿਉਂਕਿ ਉਸਨੇ ਨੇ ਗੁਰੂ ਜੀ ਦੇ ਬੇਟੇ ਗੋਬਿੰਦ ਰਾਏ ਨੂੰ ਸੰਸਕ੍ਰਿਤ ਦੀ ਪੜ੍ਹਾਈ ਕਰਵਾਈ ਸੀ। ਜਦ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਬੈਠੇ ਹੋਏ ਇਸ ਸਮਸਿਆ ਬਾਰੇ ਸੋਚ ਰਹੇ ਸਨ ਤਾਂ ਉਸੇ ਵੇਲੇ ਗੋਬਿੰਦ ਰਾਏ ਆਪਣੇ ਸਾਥੀਆ ਸਮੇਤ ਪਿਤਾ ਜੀ ਕੋਲ ਆਏ। ਗੋਬਿੰਦ ਰਾਏ ਨੇ ਇਕੋ ਤੱਕਣੀ ਨਾਲ ਆਪਣੇ ਪਿਤਾ ਜੀ ਨੂੰ ਪੁੱਛਿਆ, "ਤੁਸੀਂ ਇਸਤਰ੍ਹਾ ਕਿਸ ਸੋਚ ਵਿੱਚ ਉਲਝੇ ਹੋਏ ਹੋ?" ਕੁਇਰ ਸਿੰਘ ਵੱਲੋਂ ਗੁਰੂ ਬਿਲਾਸ ਪਾਤਸਾਹੀ ੧੦ ਵਿੱਚ ਦੱਸੇ ਅਨੁਸਾਰ, ਪਿਤਾ ਜੀ ਗੁਰੂ ਤੇਗ਼ ਬਹਾਦੁਰ ਸਾਹਿਬ ਨੇ ਆਪਣੇ ਪੁੱਤਰ ਨੂੰ ਇਸਤਰ੍ਹਾਂ ਜੁਆਬ ਦਿੱਤਾ ਜਿਵੇਂ ਕਿਸੇ ਪਰੋੜ ਸਲਾਹਕਾਰ ਨੂੰ ਕੁਝ ਕਿਹਾ ਜਾਵੇ: "ਇਹ ਧਰਤੀ ਬੜੇ ਘੋਰ ਸੰਕਟ ਵਿੱਚ ਹੈ। ਇਸਦਾ ਨਿਵਾਰਣ ਤਾਂ ਹੀ ਹੋ ਸਕਦਾ ਹੈ ਜੇ ਕੋਈ ਸਚਮੁੱਚ ਸੁਯੋਗ ਵਿਅੱਕਤੀ ਇਸ ਲਈ ਸਿਰ ਦੀ ਕੁਰਬਾਨੀ ਦੇਣ ਲਈ ਤਿਆਰ ਹੋਵੇ। ਫਿਰ ਸਾਰੇ ਦੁੱਖਾਂ ਦਾ ਨਾਸ ਹੋ ਜਾਵੇਗਾ ਅਤੇ ਹਰ ਤਰਫ਼ ਹੁਲਾਸ ਅਤੇ ਖ਼ੁਸ਼ੀਆ ਹੋਣਗੀਆਂ।" ਗੋਬਿੰਦ ਰਾਏ ਨੇ ਬਚਪਨ ਦੇ ਭੋਲੇਪਨ ਵਿੱਚ ਕਿਹਾ, "ਅਜਿਹੀ ਕੁਰਬਾਨੀ ਵਾਸਤੇ ਤੁਹਾਡੇ ਤੋਂ ਬੇਹਤਰ ਕੋਈ ਹੋਰ ਵਿਅੱਕਤੀ ਨਹੀਂ ਹੋ ਸਕਦਾ।"

ਉਸਤੋਂ ਬਾਅਦ ਛੇਤੀ ਹੀ, ਗੁਰੂ ਤੇਗ਼ ਬਹਾਦੁਰ ਸਾਹਿਬ ਮੁਗ਼ਲ ਸਮਰਾਟ ਔਰੰਗਜ਼ੇਬ ਨੂੰ ਮਿਲਣ ਲਈ ਦਿੱਲੀ ਵੱਲ ਰਵਾਨਾ ਹੋ ਗਏ। ਦਿੱਲੀ ਵੱਲ ਜਾਂਦਿਆਂ ਹੋਇਆ ਗੁਰੂ ਤੇਗ਼ ਬਹਾਦੁਰ ਸਾਹਿਬ ਨੇ ਰਸਤੇ ਵਿੱਚ ਸਿੱਖਾਂ ਸੇਵਕਾਂ ਨੂੰ ਹਕੂਮਤ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਜਾਣੂ ਕਰਵਾਉਣਾ ਚਾਹਿਆ। ਗੁਰੂ ਜੀ ਨੂੰ ਆਗਰੇ ਦੇ ਨੇੜੇ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦਿੱਲੀ ਲਿਆਂਦਾ ਗਿਆ। ਬਹੁਤ ਸਾਰੇ ਤਸੀਹੇ ਅਤੇ ਮਾਇਆ ਦੇ ਲਾਲਚ ਦੇਣ ਦੇ ਬਾਵਜੂਦ, ਔਰੰਗਜ਼ੇਬ ਗੁਰੂ ਜੀ ਅਤੇ ਨਾਲ ਆਏ ਸੇਵਕਾਂ ਨੂੰ ਮੁਸਲਿਮ ਧਰਮ ਵਿੱਚ ਪਰਿਵਰਤਣ ਕਰਨ ਵਿੱਚ ਅਸਫ਼ਲ ਰਿਹਾ। ਗੁਰੂ ਜੀ ਨੂੰ ਡਰਾਉਣ-ਧਮਕਾਉਣ ਲਈ ਨਾਲ ਆਏ ਸਿੱਖਾਂ ਨੂੰ ਵੱਖ ਵੱਖ ਤਰ੍ਹਾਂ ਤਸੀਹੇ ਦੇ ਕੇ ਸ਼ਹੀਦ ਕਰਨਾ ਸ਼ੁਰੂ ਕੀਤਾ। ਪਰ ਗੁਰੂ ਜੀ

ਫਿਰ ਵੀ ਸ਼ਾਂਤ-ਚਿਤ ਅਡੋਲ ਰਹੇ ਅਤੇ ਕਿਸੇ ਵੀ ਧਮਕੀ ਜਾਂ ਡਰ ਅਧੀਨ ਮੁਸਲਿਮ ਧਰਮ ਕਬੂਲ ਕਰਨਾ ਨਾ ਮੰਨਿਆ। ਗੁਰੂ ਜੀ ਅਤੇ ਨਾਲ ਉਹਨਾਂ ਦੇ ਸਿੱਖ ਵੀ ਆਪਣੇ ਸਿੱਖ ਧਰਮ ਪ੍ਰਤੀ ਪਰਪੱਕ ਰਹੇ।

ਫਿਰ ਜਲਦੀ ਹੀ ਗੁਰੂ ਜੀ ਸ਼ਾਹੀ ਰਾਜਧਾਨੀ ਦਿੱਲੀ ਵੱਲ ਚੱਲ ਪਏ। ੧੧ ਨਵੰਬਰ ੧੬੭੫ ਵਾਲੇ ਦਿਨ ਕਰੋਧ-ਵਸ ਔਰੰਗਜ਼ੇਬ ਦੇ ਬੇ-ਰਹਿਮ ਹੁਕਮਾਂ ਤਹਿਤ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਦੀ ਸ਼ਹਾਦਤ ਹਰ ਵਿਅੱਕਤੀ ਦੀ ਧਰਮ ਪ੍ਰਤੀ ਆਜ਼ਾਦ ਹੋਣ ਦਾ ਪ੍ਰਤੀਕ ਹੈ।

*******************

# ੩. ਗੁਰੂ ਰੂਪ ਵਿੱਚ ਗੋਬਿੰਦ ਰਾਏ ਅਤੇ ਪਾਉਂਟਾ ਸਾਹਿਬ

**੧੬੭੫** *(ਉਮਰ ੯):* ੧੧ ਨਵੰਬਰ ੧੬੭੫ ਨੂੰ ਗੋਬਿੰਦ ਰਾਏ ਨੂੰ ਰਸਮੀ ਰੂਪ ਵਿੱਚ ਗੁਰੂ ਥਾਪ ਦਿੱਤੇ ਗਏ। ਕੌਮ ਦੇ ਸੰਘਰਸ਼ਮਈ ਜੱਦੋ-ਜਹਿਦ ਵਿੱਚ ਚਲ ਰਹੇ ਮਸਲਿਆਂ ਵਿੱਚ ਗੋਬਿੰਦ ਰਾਏ ਦਾ ਬੜਾ ਡੂੰਘਾ ਸਬੰਧ ਸੀ। ਪਰ ਇਹਨਾਂ ਹਾਲਾਤਾਂ ਦੇ ਨਾਲ ਹੀ ਉਹਨਾਂ ਨੇ ਆਪਣੇ ਆਪ ਨੂੰ ਸਰੀਰਕ ਕਲਾਬਾਜ਼ੀਆਂ, ਤਲਵਾਰਬਾਜ਼ੀ ਅਤੇ ਸਾਹਿਤਕ ਪ੍ਰਾਪਤੀਆਂ ਵਿੱਚ ਪਰਪੱਕ ਕੀਤਾ।

**੧੬੮੪** *(ਉਮਰ ੧੮)*: ਕਿਹਾ ਜਾਂਦਾ ਹੈ ਕਿ ੧੬੮੪ ਵਿੱਚ ਗੋਬਿੰਦ ਰਾਏ ਜੀ ਨੇ 'ਵਾਰ ਸ੍ਰੀ ਭਗਉਤੀ ਜੀ ਕੀ' ਲਿਖੀ ਜਾਂ ਅਨੁਵਾਦ ਕੀਤਾ। ਇਸਨੂੰ ਆਮ ਕਰਕੇ 'ਚੰਡੀ ਦੀ ਵਾਰ' ਕਿਹਾ ਜਾਂਦਾ ਹੈ। ਇਸ ਰਚਨਾ ਵਿੱਚ ਹਿੰਦੂ ਦੇਵਤੇ ਅਤੇ ਦੈਂਤਾਂ ਦੇ ਕਥਾਨਕ ਮੁਕਾਬਲਿਆਂ ਦਾ ਵਰਣਨ ਹੈ ਜੋ ਕਿ ਹਿੰਦੂ ਧਾਰਮਿਕ ਗ੍ਰੰਥ 'ਮਾਰਕੰਡਿਆ ਪੁਰਾਣ' ਵਿੱਚ ਅੰਕਿਤ ਹੈ। ਸ਼ਾਇਦ ਇਸਦਾ ਮੰਤਵ ਗੁਰੂ ਜੀ ਦੇ ਆਪਣੇ ਸਿੱਖਾਂ ਸੇਵਕਾਂ ਵਿੱਚ ਬੀਰ ਰਸ ਭਰਨਾ ਸੀ ਅਤੇ ਉਹਨਾਂ ਨੂੰ ਬੇ-ਇਨਸਾਫ਼ੀ ਅਤੇ ਜ਼ੁਲਮ ਵਿਰੁੱਧ ਲੜਨ ਲਈ ਤਿਆਰ ਕਰਨਾ ਸੀ, ਉਵੇਂ ਹੀ ਜਿਵੇਂ ਕਿ ਪੂਰਵ ਨੌ ਗੁਰੂਆ ਨੇ ਕੀਤਾ ਸੀ।[੧]

**੧੬੮੫** *(ਉਮਰ ੧੯):* ਗੁਰੂ ਜੀ ਨੇ ਅਪ੍ਰੈਲ ੧੬੮੫ ਵਿੱਚ ਦਰਿਆ ਜਮੁਨਾ ਦੇ ਕੰਢੇ ਨਵੇਂ ਨਗਰ ਨੂੰ ਕਿਲੇ ਰੂਪ ਵਿੱਚ ਬਨਾਇਆ। ਕਹਿੰਦੇ ਹਨ ਕਿ ਗੁਰੂ ਜੀ ਨੇ ਆਪਣਾ ਬਹੁਤਾ ਸਾਹਿਤਕ ਰਚਨਾ ਦਾ ਕੰਮ ਇੱਥੇ ਹੀ ਕੀਤਾ। ਇਸ ਨਗਰ ਦਾ ਨਾਮ 'ਪਾਉਂਟਾ' ਰਖਿਆ ਗਿਆ। ਕਿਹਾ ਜਾਂਦਾ ਹੈ ਕਿ ਉਹਨਾਂ ਦਾ ਮੰਤਵ ਅਮੂਰਤ ਰੂਪ ਵਿੱਚ ਕਵਿਤਾ ਲਿਖਣਾ ਨਹੀਂ ਸੀ। ਗੋਬਿੰਦ ਰਾਏ ਜੀ ਦੇ ਅਨੁਸਾਰ ਇਹ ਦੈਵੀ ਗੁਣਾਂ ਅਤੇ ਸਰਬ-ਸ਼ਕਤੀਮਾਨ ਅਕਾਲ ਪੁਰਖ ਦੀ ਨਿੱਜੀ ਦ੍ਰਿਸ਼ਟੀ ਦੇ ਪ੍ਰਗਟਾਵੇ ਦਾ ਸਾਧਨ ਸੀ। ਮੰਨਿਆ ਜਾਂਦਾ ਹੈ ਕਿ ਇਹ ਰਚਨਾਵਾਂ - 'ਜਾਪੁ' ਅਤੇ 'ਅਕਾਲ ਉਸਤਤਿ' - ਅਜਿਹੀ ਦ੍ਰਿਸ਼ਟੀ ਦਾ ਝਲਕਾਰਾ ਹਨ।[੨] ਅਤੇ ਅਜਿਹੀਆਂ ਕਾਵਿਕ ਰਚਨਾਵਾਂ ਦੇ ਜ਼ਰੀਹੇ ਗੋਬਿੰਦ ਰਾਏ ਜੀ ਨੇ ਮਨੁੱਖਤਾ ਵਿੱਚ ਆਪਸੀ ਪਿਆਰ, ਬਰਾਬਰਤਾ ਅਤੇ ਪਰਪੱਕਤਾ ਦੇ ਰੂਪ ਵਿੱਚ ਨੈਤਿਕ ਅਤੇ ਸਦਾਚਾਰਕ ਰਹਿਤ-ਮਰਯਾਦਾ ਦਾ ਪਰਚਾਰ ਕੀਤਾ, ਉਸੇਤਰ੍ਹਾਂ ਹੀ ਜਿਵੇਂ ਕਿ ਪਹਿਲੇ ਸਿੱਖ ਗੁਰੂਆਂ ਨੇ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਕਾਲ ਪੁਰਖ ਦੀ ਪੂਜਾ ਤੇ ਜ਼ੋਰ ਦਿੱਤਾ ਅਤੇ ਬੁੱਤ-ਪੂਜਾ ਅਤੇ ਵਹਿਮਾਂ-ਭਰਮਾਂ ਦੀ ਧਾਰਨਾ ਦਾ ਖੰਡਨ ਕੀਤਾ। 'ਭਗਉਤੀ ਦੀ ਵਾਰ' ਵਿੱਚ ਤਲਵਾਰ/ਸ਼ਮਸ਼ੀਰ ਦੀ ਪ੍ਰਸੰਸਾ ਜਾਂ ਉਸਤਤੀ ਅਤੇ ਮਹਿਮਾ ਦਾ ਪ੍ਰਗਟਾਵਾ ਹੈ ਜਿਸ ਰਾਹੀਂ ਅਕਾਲ-ਪੁਰਖ ਦੀ ਪ੍ਰਾਪਤੀ ਅਤੇ ਸਵੈ-ਨਿਆਇ ਦੀ ਪੂਰਤੀ ਹੁੰਦੀ ਹੈ। ਤਲਵਾਰ ਜਾਂ ਸ਼ਮਸ਼ੀਰ ਦਾ ਭਾਵ ਕਦੇ ਵੀ ਹਮਲਾ, ਧਾਵਾ ਜਾਂ ਵਧੀਕੀ ਦਾ ਪ੍ਰਤੀਕ ਨਹੀਂ ਹੈ, ਅਤੇ ਨਾ ਹੀ ਕਦੇ ਇਸਨੂੰ ਸਵੈ-ਪ੍ਰੱਭੁਤਾ ਜਾਂ ਗੌਰਵ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ। ਇਹ ਹਮੇਸ਼ਾ ਹੀ ਮਰਦਾਵੀਂ ਰੂਪ ਵਿੱਚ ਬਹਾਦਰੀ ਅਤੇ ਸਵੈ-ਸਨਮਾਨ ਦਾ ਚਿੰਨ੍ਹ ਜਾਂ ਪਰਤੀਕ ਸਮਝਿਆ ਜਾਂਦਾ ਹੈ, ਅਤੇ ਸਿਰਫ਼

ਸਵੈ-ਰਖਿਆ ਲਈ ਹੀ ਅੰਤਮ-ਹਥਿਆਰ ਵਜੋਂ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਕਿ 'ਜ਼ਫ਼ਰਨਾਮਾ' ਵਿੱਚ ਇਕ ਫ਼ਾਰਸੀ ਪੰਕਤੀ ਵਿੱਚ ਕਿਹਾ ਗਿਆ ਹੈ:-

> ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ,
> ਹਲਾਲ ਅਸਤ ਬੁਰਦਨ ਸ਼ਮਸ਼ੀਰ ਦਸਤ।

---

*(੧), (੨) - ਸ਼. ਗੁ. ਪ੍ਰ. ਖ. ਦੀ ਵੇਬਸਾਈਟ ਤੋਂ।*
*ਇਹ ਅਤੇ ਹੋਰ ਰਚਨਾਵਾਂ ਅੱਜਕਲ ਇੱਕ ਪੁਸਤਕ ਵਿੱਚ ਦਰਜ ਹਨ ਜਿਸਨੂੰ "ਦਸਮ ਗ੍ਰੰਥ" ਕਿਹਾ ਜਾਂਦਾ ਹੈ। ਇਹ ਪੁਸਤਕ ਦਸਵੇਂ ਨਾਨਕ ਜੀ ਦੀ ਲਿਖੀ ਹੋਈ ਮਨੀਂ ਜਾਂਦੀ ਹੈ। ਹਾਲਾਂਕਿ ਇਹ ਨੋਟ ਕਰਨਾਂ ਜਰੂਰੀ ਹੈ ਕਿ ਪੰਥ ਵਿੱਚ ਇਸ ਗਲ ਤੇ ਸਨਮਤੀ ਨਹੀਂ ਹੈ ਕਿ ਦਸਮ ਗ੍ਰੰਥ ਦੀ ਕੇਹੜੀਆਂ ਰਚਨਾਵਾਂ, ਜਾਂ ਕੋਈ ਵੀ, ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਹਨ।*

******************

# ੪. ਅਨੰਦ ਪੁਰ ਸਾਹਿਬ ਵਿਖੇ ਸਿੱਖਿਆ ਕੇਂਦਰ

**੧੬੮੬** *(ਉਮਰ ੨੦)*: ਔਰੰਗਜ਼ੇਬ ਨੇ ਸੰਸਕ੍ਰਿਤ ਪੜ੍ਹਾਉਣ ਵਾਲੇ ਸਾਰੇ ਸਿਖਿਆ ਕੇਂਦਰਾਂ ਨੂੰ ਬੰਦ ਕਰ ਦੇਣ ਦਾ ਐਲਾਨ ਜਾਰੀ ਕਰ ਦਿੱਤਾ। ਗੁਰੂ ਜੀ ਨੇ ਸੰਸਕ੍ਰਿਤ ਪੜ੍ਹਾਉਣ ਵਾਲੇ ਸਾਰੇ ਅਧਿਆਪਕਾਂ ਅਤੇ ਵਿਦਵਾਨਾਂ ਨੂੰ ਅਨੰਦਪੁਰ ਪਹੁੰਚਣ ਦਾ ਸੱਦਾ ਦਿੱਤਾ। ਗੁਰੂ ਜੀ ਨੇ ਉਹਨਾਂ ਦੀ ਕਾਬਲੀਅਤ ਅਤੇ ਯੋਗਤਾ ਅਨੁਸਾਰ ਉਹਨਾਂ ਨੂੰ ਤਨਖਾਹਾਂ ਦਿਤੀਆਂ। ਪਰ, ਪੰਡਤ ਰਘੂ ਨਾਥ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ। ਉਸਦਾ ਮੰਨਣਾ ਸੀ ਕਿ ਸੰਸਕ੍ਰਿਤ ਸਿੱਖਣਾ ਸਿਰਫ਼ ਬ੍ਰਹਮਨਾਂ (ਉੱਚ ਜਾਤੀ ਵਾਲੇ ਹਿੰਦੂਆਂ) ਦਾ ਹੀ ਅਧਿਕਾਰ ਹੈ ਅਤੇ ਹੋਰ ਕਿਸੇ ਨੂੰ ਇਸ ਭਾਸ਼ਾ ਦੀ ਸਿਖਿਆ ਦੇਣਾ ਪਾਪ ਹੈ। ਉਸਦੀ ਦਲੀਲ ਸੀ ਕਿ ਸੰਸਕ੍ਰਿਤ ਪੜ੍ਹਨ ਨਾਲ ਲੋਕ ਧਾਰਮਿਕ ਅਤੇ ਦੈਵੀ ਗਿਆਨ ਵਾਲੇ ਗ੍ਰੰਥਾਂ ਨੂੰ ਪੜ੍ਹਨ ਯੋਗ ਹੋ ਜਾਣਗੇ ਅਤੇ ਉਹਨਾਂ ਪਵਿੱਤਰ ਗ੍ਰੰਥਾਂ ਵਿੱਚਲੇ ਸਾਰੇ ਭੇਤਾਂ ਤੋਂ ਜਾਣੂ ਹੋ ਜਾਣਗੇ, ਅਤੇ ਬ੍ਰਾਹਮਣ ਫਿਰ ਆਪਣੀ ਉੱਤਮਤਾ ਨੂੰ ਕਾਇਮ ਰਖਣ ਦੇ ਕਾਬਲ ਨਹੀਂ ਰਹਿਣਗੇ। ਪਰ ਗੁਰੂ ਜੀ ਨੇ ਸਿੱਖਾਂ ਨੂੰ ਸਚਾਈ ਪ੍ਰਤੀ ਜਾਣਕਾਰ ਹੋਣ ਤੇ ਜ਼ੋਰ ਦਿੱਤਾ ਤਾਕਿ ਉਹ ਬ੍ਰਾਹਮਣਾਂ ਦੀਆ ਫ਼ਜ਼ੂਲ ਰਵਾਇਤਾਂ ਦਾ ਖੰਡਨ ਕਰ ਸਕਣ। ਇਸਤੋਂ ਕੋਈ ਦੋ ਸਦੀਆਂ ਪਹਿਲਾਂ ਵੀ ਸਿੱਖਾਂ ਦੇ ਪਹਿਲੇ ਗੁਰੂਆਂ – ਪਹਿਲੇ ਨਾਨਕ ਤੋਂ ਨਾਵੇਂ ਨਾਨਕ ਤੱਕ – ਨੇ ਵੀ ਬ੍ਰਾਹਮਣਾਂ ਦੇ ਫ਼ਜ਼ੂਲ ਰੀਤੀ-ਰਿਵਾਜਾਂ ਅਤੇ ਵਹਿਮਾਂ-ਭਰਮਾਂ ਵਿਰੁੱਧ ਪਰਚਾਰ ਕੀਤਾ ਸੀ।

ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਪੰਜ ਸਿੱਖਾਂ ਨੂੰ ਕੇਸਰੀ ਪਹਿਰਾਵਾ ਧਾਰਣ ਲਈ ਕਿਹਾ ਅਤੇ 'ਨਿਰਮਲੇ ਸੰਤਾਂ' ਦੇ ਭੇਸ ਵਿੱਚ ਉਹਨਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਕਾਂਸ਼ੀ ਭੇਜਿਆ। ਆਪਣੀ ਪੜ੍ਹਾਈ ਪੂਰੀ ਕਰਨ ਤੇ ਉਹ ਵਾਪਸ ਅਨੰਦਪੁਰ ਆ ਗਏ ਅਤੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਬ੍ਰਾਹਮਣ ਲੋਕ ਹੁਣ ਆਪਣੀ ਉੱਚਤਾ ਦਾ ਮਾਣ ਨਹੀਂ ਕਰ ਸਕਦੇ ਸਨ ਕਿ ਸਿਰਫ਼ ਉਹੀ ਜਾਣਦੇ ਹਨ ਕਿ ਵੇਦਾਂ ਅਤੇ ਪੁਰਾਣਾਂ ਵਿੱਚ ਕੀ ਲਿਖਿਆ ਹੈ?

ਭਾਈ ਨੰਦ ਲਾਲ ਵੀ ਅਨੰਦਪੁਰ ਆ ਗਏ। ਲੋਕਾਂ ਦਾ ਮੰਨਣਾ ਹੈ ਕਿ ਉਥੇ ਕੁੱਲ ੫੨ ਕਵੀ ਗੁਰੂ ਜੀ ਕੋਲ ਇਕੱਠੇ ਹੁੰਦੇ ਸਨ ਅਤੇ ਇਸਤਰ੍ਹਾਂ ਅਨੰਦਪੁਰ ਪੜ੍ਹਾਈ-ਲਿਖਾਈ ਦਾ ਮੁੱਖ-ਕੇਂਦਰ ਬਣ ਗਿਆ। ਜਿਹੜੇ ਵੀ ਸ਼ਰਧਾਲੂ ਗੁਰੂ ਜੀ ਕੋਲ ਆਉਂਦੇ, ਉਹ ਪੰਜਾਬੀ ਭਾਸ਼ਾ ਸਿੱਖ ਕੇ ਵਾਪਸ ਘਰ ਮੁੜਦੇ ਅਤੇ ਉਹਨਾਂ ਨੂੰ ਗੁਰਬਾਣੀ ਦੀਆਂ ਪਵਿੱਤਰ ਬਾਣੀਆ ਜ਼ਬਾਨੀ ਕੰਠ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ। ਸਿੱਖ ਸ਼ਰਧਾਲੂਆਂ ਵੱਲੋਂ ਗੁਰੂ ਪ੍ਰਤੀ ਚੜ੍ਹਾਵੇ ਵਜੋਂ ਦਾਨ ਕੀਤੀ ਮਾਇਆ ਨਾਲ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਦੇ ਪਰਚਾਰਣ ਲਈ, ਕਿਲਿਆਂ ਦੀ ਉਸਾਰੀ ਲਈ ਅਤੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਵਰਤੋਂ ਕੀਤੀ ਜਾਂਦੀ।

ਕਿਹਾ ਜਾਂਦਾ ਹੈ ਕਿ ਸਿੱਖਾਂ ਅੰਦਰ ਸੂਰਬੀਰਤਾ ਦੀ ਭਾਵਨਾ ਉੱਤੇਜਿਤ ਕਰਨ ਲਈ ਗੁਰੂ ਜੀ ਨੇ ਕਵੀਆਂ ਨੂੰ ਬੀਰ-ਰਸ ਭਰਪੂਰ ਵਾਰਾਂ ਲਿਖਣ ਲਈ ਉਤਸ਼ਾਹਤ ਕੀਤਾ ਅਤੇ ਹਿੰਦੂ ਧਰਮ ਦੇ ਪੁਰਾਤਨ ਗ੍ਰੰਥਾਂ ਦਾ ਪੰਜਾਬੀ

ਵਿੱਚ ਉਲਥਾ ਕਰਨ ਲਈ ਕਿਹਾ। ਪੁਰਾਣੇ ਗ੍ਰੰਥਾਂ ਵਿੱਚ ਦਾਨ ਕਰਨ ਅਤੇ ਪੂਜਾ-ਪਾਠ ਕਰਨ ਨੂੰ ਸਚਾਈ ਨਾਲੋਂ ਵੀ ਜ਼ਿਆਦਾ ਅਹਿਮੀਅਤ ਦਿਤੀ ਜਾਂਦੀ। ਇਹ ਗ੍ਰੰਥ ਲੋਕਾਂ ਨੂੰ ਪ੍ਰਸ਼ਨ ਕਰਨ ਲਈ ਨਹੀਂ ਕਹਿੰਦੀਆਂ; ਸਗੋਂ ਸਧਾਰਨ ਵਿਅੱਕਤੀਆਂ ਵਾਂਗੂੰ ਸਨਿਮਰ ਭਾਵਨਾ ਸਹਿਤ ਮੰਨਣ ਲਈ ਕਿਹਾ ਜਾਂਦਾ ਹੈ। ਬੀਰ-ਰਸ ਨਾਲ ਭਰਪੂਰ ਲਿਖੀਆਂ ਕਵੀਆਂ ਦੀਆਂ ਵਾਰਾਂ ਨਾਲ ਬੁੱਤ-ਪੂਜਾ ਦਾ ਖੰਡਨ ਕੀਤਾ ਜਾਂਦਾ। ਫਿਰ ਵੀ, ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਤੇ ਅਧਾਰਤ ਪਹਿਲੇ ਗੁਰੂਆਂ ਦੇ ਪਦ-ਚਿੰਨ੍ਹਾਂ ਤੇ ਚਲਦੇ ਹੋਏ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸਿਰਫ਼ ਇਕ ਅਕਾਲ ਪੁਰਖ ਪਰਮਾਤਮਾ ਦੀ ਪੂਜਾ ਕਰਨ ਦੇ ਧਾਰਣੀ ਬਣਾਇਆ।

ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨੇ ਆਪ ਵੀ ਅਨੇਕਾਂ ਵਾਰਾਂ ਅਤੇ ਪਵਿੱਤਰ ਬਾਣੀਆਂ ਦੀ ਰਚਨਾ ਕੀਤੀ। ਅਨੰਦਪੁਰ ਨੂੰ ਛੱਡਣ ਦੇ ਸਮੇਂ ਇਹ ਗ੍ਰੰਥ ਖੱਚਰਾਂ ਉੱਪਰ ਲੱਦੇ ਹੋਏ ਸਨ। ਬੜੀ ਜ਼ੋਰਦਾਰ ਬਾਰਸ਼ ਦੇ ਕਾਰਨ ਇਹਨਾਂ ਵਿੱਚੋਂ ਬਹੁਤ ਸਾਰੇ ਗ੍ਰੰਥ ਸਰਸਾ ਨਦੀ ਵਿੱਚ ਆਏ ਹੜ੍ਹ ਦੇ ਪਾਣੀ ਵਿੱਚ ਰੁੜ੍ਹ ਗਏ। ਇਹਨਾਂ ਵਿੱਚੋਂ ਬਹੁਤ ਥੋਹੜੇ ਗ੍ਰੰਥਾ ਦੇ ਬਚਾਅ ਹੋਣ ਬਾਰੇ ਮੰਨਿਆ ਜਾਂਦਾ ਹੈ, ਜਿਵੇਂ ਕਿ ਜਾਪੁ ਸਾਹਿਬ, ਅਕਾਲ ਉਸਤਤਿ, ਸਵੈਯੀਐ, ਚੰਡੀ ਚਰਿੱਤਰ, ਚਉਬੀਸ ਅਵਤਾਰ, ਵਾਰ ਭਗਉਤੀ ਜੀ ਕੀ, ਸ਼ਸਤਰ ਨਾਮ ਮਾਲਾ, ਗਿਆਨ ਪ੍ਰਬੋਧ ਅਤੇ ਚਰਿੱਤਰ ਪਖਿਯਾਨ ਦੇ ਕੁਝ ਅੰਸ਼।[੩]

---

(੩) - *ਇਹ ਅਤੇ ਹੋਰ ਰਚਨਾਵਾਂ ਅੱਜਕਲ ਇੱਕ ਪੁਸਤਕ ਵਿੱਚ ਦਰਜ ਹਨ ਜਿਸਨੂੰ "ਦਸਮ ਗ੍ਰੰਥ" ਕਿਹਾ ਜਾਂਦਾ ਹੈ। ਇਹ ਪੁਸਤਕ ਦਸਵੇਂ ਨਾਨਕ ਜੀ ਦੀ ਲਿਖੀ ਹੋਈ ਮਨੀਂ ਜਾਂਦੀ ਹੈ। ਹਾਲਾਂਕਿ ਇਹ ਨੋਟ ਕਰਨਾਂ ਜਰੂਰੀ ਹੈ ਕਿ ਪੰਥ ਵਿੱਚ ਇਸ ਗਲ ਤੇ ਸਨਮਤੀ ਨਹੀਂ ਹੈ ਕਿ ਦਸਮ ਗ੍ਰੰਥ ਦੀ ਕੇਹੜੀਆਂ ਰਚਨਾਵਾਂ, ਜਾਂ ਕੋਈ ਵੀ, ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਹਨ।*

******************

# ੫. ਭੰਗਾਣੀ ਦਾ ਯੁੱਧ ਅਤੇ ਪੀਰ ਬੁੱਧੂ ਸ਼ਾਹ

**੧੬੮੮** (ਉਮਰ ੨੨): ਪਾਉਂਟਾ ਸਾਹਿਬ ਵਿੱਚ ਰਹਿੰਦਿਆਂ, ਗੁਰੂ ਜੀ ਘੋੜ-ਸਵਾਰੀ, ਤੈਰਨਾ, ਤੀਰ-ਅੰਦਾਜ਼ੀ ਅਤੇ ਹੋਰ ਸਰੀਰਕ ਕਸਰਤਾਂ ਦਾ ਅਭਿਆਸ ਕਰਦੇ ਰਹੇ। ਗੁਰੂ ਜੀ ਆਪਣੇ ਸਿੱਖ-ਯੋਧਿਆਂ ਨੂੰ ਵੀ ਰੋਜ਼ਾਨਾ ਜੰਗੀ-ਮੱਸ਼ਕਾਂ ਕਰਦੇ ਰਹਿਣ ਲਈ ਪ੍ਰੇਰਦੇ ਤਾਕਿ ਸਰੀਰਕ ਸਹਿਣ-ਸ਼ਕਤੀ ਅਤੇ ਸਮਰੱਥਾ ਬਣੀ ਰਹੇ। ਇਸਤਰ੍ਹਾਂ ਕਰਨ ਨਾਲ ਗੁਆਂਢੀ ਪਹਾੜੀ ਰਾਜੇ ਕੁਝ ਭੈ-ਭੀਤ ਹੋਣ ਲੱਗੇ। ਇਹਨਾਂ ਰਾਜਿਆਂ ਨੇ ਗੜ੍ਹਵਾਲ ਦੇ ਰਾਜੇ ਰਾਜਾ ਫਤਹਿ ਚੰਦ ਦੀ ਅਗਵਾਈ ਹੇਠ ਗੁਰੂ ਜੀ ਤੇ ਹਮਲਾ ਕਰਨ ਲਈ ਪਾਉਂਟਾ ਤੋਂ ਉੱਤਰ-ਪੂਰਬ ਦੀ ਤਰਫ਼ ਕੋਈ ੧੦ ਕਿਲੋਮੀਟਰ ਦੂਰ ਭੰਗਾਣੀ ਵਿਖੇ ੧੮ ਸਤੰਬਰ, ੧੬੮੮ ਨੂੰ ਇਕੱਠੇ ਹੋਏ।

ਪੀਰ ਬੁੱਧੂ ਸ਼ਾਹ ਇਕ ਮੁਸਲਿਮ ਸੰਤ ਸੀ ਜੋ ਹਿਮਾਚਲ ਪ੍ਰਦੇਸ਼ ਦੇ ਨਗਰ ਸਧਉਰਾ ਵਿੱਚ ਰਹਿੰਦਾ ਸੀ। ਉਸਨੂੰ ਦਸਵੇਂ ਨਾਨਕ ਗੁਰੂ ਗੋਬਿੰਦ ਰਾਏ ਜੀ ਦੇ ਪਾਉਂਟਾ ਵਿੱਚ ਰਹਿਣ ਬਾਰੇ ਪਤਾ ਲੱਗਾ ਅਤੇ ਉਹ ਗੁਰੂ ਜੀ ਨੂੰ ਮਿਲਣ ਆਇਆ। ਗੁਰੂ ਜੀ ਦੀ ਹਜ਼ੂਰੀ ਵਿੱਚ ਸੰਗਤਾਂ ਸਮੇਤ ਦਰਸ਼ਨ ਕਰਕੇ ਪੀਰ ਜੀ ਨੇ ਸ਼ਾਂਤ-ਚਿਤ ਮਸੂਸ ਕੀਤਾ ਜਿਹੜਾ ਕਿ ਉਸਨੂੰ ਕਿਸੇਤਰ੍ਹਾਂ ਦੇ ਵੀ ਧਰਮ ਗ੍ਰੰਥ ਪੜ੍ਹਕੇ ਜਾਂ ਪੂਜਾ-ਪਾਠ ਅਤੇ ਸਮਾਧੀਆਂ ਲਗਾ ਕੇ ਨਹੀਂ ਸੀ ਮਿਲਿਆ। ਗੁਰੂ ਜੀ ਦੇ ਸਿਖਿਆ-ਭਰਪੂਰ ਬਚਨ ਸੁਣਕੇ ਉਸਦਾ ਹਿਰਦਾ ਅਨੇਕਾਂ ਸ਼ੰਕਿਆਂ ਤੋਂ ਮੁਕਤ ਹੋ ਗਿਆ। ਇਸਤਰ੍ਹਾਂ ਪੀਰ ਬੁੱਧੂ ਸ਼ਾਹ ਅਕਸਰ ਗੁਰੂ ਜੀ ਪਾਸ ਆਉਂਦਾ ਰਿਹਾ। ਉਸਨੂੰ ਅਹਿਸਾਸ ਹੋ ਗਿਆ ਕਿ ਗੁਰੂ ਜੀ ਦੀ ਜੰਗ ਕਿਸੇ ਰਾਜ ਨੂੰ ਹੜੱਪਣ ਲਈ ਨਹੀਂ ਸੀ, ਸਗੋਂ ਉਸ ਜ਼ੁਲਮ ਵਿਰੁਧ ਸੀ ਜਿਹੜਾ ਗਰੀਬ ਅਤੇ ਬੇ-ਸਹਾਰਾ ਲੋਕਾਂ ਉੱਪਰ ਕੀਤਾ ਜਾ ਰਿਹਾ ਸੀ ਕਿਉਂਕਿ ਤਕੜੇ ਲੋਕ ਮਾੜਿਆਂ ਉੱਪਰ ਹਮੇਸ਼ਾ ਹੀ ਜੋਰ-ਜਬਰ ਕਰਦੇ ਹਨ। ਧਰਮ ਦੀ ਆੜ ਹੇਠ ਉਹ ਲੋਕਾਂ ਨੂੰ ਗੁਲਾਮ ਬਣਾ ਕੇ ਦੁਖੀ ਕਰਦੇ ਸਨ। ਪੀਰ ਨੇ ਕੋਈ ੫੦੦ ਪਠਾਣ (ਅਫ਼ਗਾਨਿਸਤਾਨ ਦੇ ਵਾਸੀ) ਇਕੱਠੇ ਕੀਤੇ ਜਿਹਨਾਂ ਨੂੰ ਸ਼ੀਆ ਮੁਸਲਿਮ ਹੋਣ ਕਰਕੇ ਔਰੰਗਜ਼ੇਬ ਦੀ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ ਸੀ। ਉਹਨਾਂ ਨੂੰ ਗੁਰੂ ਜੀ ਦੀ ਫ਼ੌਜ ਵਿੱਚ ਭਰਤੀ ਕਰਵਾ ਦਿੱਤਾ।

ਭੰਗਾਣੀ ਦਾ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ, ਪਹਾੜੀ ਰਾਜਿਆਂ ਨੇ ਉਹਨਾਂ ੫੦੦ ਸੈਨਕਾਂ ਵਿੱਚੋਂ ੪੦੦ ਸੈਨਕਾਂ ਨੂੰ ਉਹਨਾਂ ਨਾਲ ਮਿਲਣ ਲਈ ਉਕਸਾਇਆ। ਜਦ ਪੀਰ ਬੁੱਧੂ ਸ਼ਾਹ ਨੂੰ ਉਹਨਾਂ ਪਠਾਣਾਂ ਦੀ ਗਦਾਰੀ ਬਾਰੇ ਪਤਾ ਲੱਗਾ ਤਾਂ ਉਹ ਆਪਣੇ ੭੦੦ ਸੈਨਕਾਂ, ਚਾਰ ਪੁੱਤਰਾਂ ਅਤੇ ਦੋ ਭਰਾਵਾਂ ਸਮੇਤ ਗੁਰੂ ਜੀ ਦੀ ਮਦਦ ਲਈ ਆਇਆ। ਭੰਗਾਣੀ ਵਿੱਚ ਘਮਸਾਣ ਦਾ ਯੁੱਧ ਹੋਇਆ। ਪੀਰ ਜੀ ਦੇ ਦੋ ਪੁੱਤਰ ਸ਼ਹੀਦੀ ਪਾ ਗਏ। ਪਹਾੜੀ ਰਾਜਿਆਂ ਦੇ ਬਹੁਤ ਸਾਰੇ ਫ਼ੌਜੀ ਜੰਗ ਵਿੱਚ ਘਾਇਲ ਹੋ ਗਏ ਅਤੇ ਉਹਨਾਂ ਦੀ ਫ਼ੌਜ ਪੂਰੀ ਤਰ੍ਹਾਂ ਹਾਰ ਗਈ।

ਜੰਗ ਖਤਮ ਹੋਣ ਤੋਂ ਬਾਅਦ, ਪੀਰ ਬੁੱਧੂ ਸ਼ਾਹ ਸਧਉਰਾ ਵਾਪਸ ਜਾਣ ਲਈ ਗੁਰੂ ਜੀ ਤੋਂ ਵਿਦਾ ਹੋਣ ਲਈ ਆਇਆ। ਗੁਰੂ ਜੀ ਨੇ ਪੀਰ ਜੀ ਨੂੰ ਕਿਹਾ: "ਤੁਸੀਂ ਇਸ ਜੰਗ ਵਿੱਚ ਮੇਰੀ ਬਹੁਤ ਮਦਦ ਕੀਤੀ ਹੈ। ਤੁਸੀਂ ਕੋਈ ਵੀ ਮਨ-ਚਾਹੀ ਮੁਰਾਦ ਮੰਗ ਸਕਦੇ ਹੋ! ਤੁਹਾਢੀ ਕਾਮਨਾ 'ਗੁਰੂ ਨਾਨਕ ਦੇ ਘਰ' ਤੋਂ ਪੂਰੀ ਹੋਵੇਗੀ!" ਉਸ ਵੇਲੇ ਗੁਰੂ ਜੀ ਆਪਣੇ ਕੇਸਾਂ ਵਿੱਚ ਕੰਘਾ ਕਰ ਰਹੇ ਸਨ। ਪੀਰ ਜੀ ਨੇ ਗੁਰੂ ਜੀ ਨੂੰ ਬਿਨਤੀ ਕੀਤੀ: "ਜੇ ਤੁਸੀਂ ਮੇਰੀਆਂ ਸੇਵਾਵਾਂ ਤੋਂ ਇਤਨਾ ਖ਼ੁਸ਼ ਹੋਏ ਹੋ ਤਾਂ ਮੈਨੂੰ ਇਹ ਕੰਘਾ ਵਿੱਚਲੇ ਵਾਲਾਂ ਸਮੇਤ ਦੇ ਦਿਓ!"

ਜਦ ਔਰੰਗਜ਼ੇਬ ਨੂੰ ਪਤਾ ਲੱਗਾ ਕਿ ਪੀਰ ਨੇ 'ਭੰਗਾਣੀ ਦੇ ਯੁੱਧ' ਵਿੱਚ ਗੁਰੂ ਜੀ ਦੀ ਮਦਦ ਕੀਤੀ ਹੈ, ਤਾਂ ਉਸਨੇ ਉਸਮਾਨ ਖਾਂ ਦੀ ਅਗਵਾਈ ਹੇਠ ਸਧਉਰਾ ਫ਼ੌਜ ਭੇਜੀ। ਉਸਮਾਨ ਖਾਂ ਨੇ ਪੀਰ ਨੂੰ ਜ਼ਿੰਦਾ ਗ੍ਰਿਫ਼ਤਾਰ ਕਰ ਲਿਆ ਅਤੇ ਉਸਨੂੰ ਜ਼ਿੰਦਾ ਹੀ ਦਫ਼ਨਾ ਦਿੱਤਾ ਕਿਉਂਕਿ ਉਸਨੇ ਗੁਰੂ ਜੀ ਦੀ ਮਦਦ ਕੀਤੀ ਸੀ। ਦੇਰ ਬਾਅਦ, ਨਾਭਾ ਦੇ ਮਹਾਰਾਜਾ ਭਰਪੂਰ ਸਿੰਘ ਨੇ ਪੀਰ ਜੀ ਦੇ ਜਾਨਸ਼ੀਨਾਂ ਨੂੰ ਮੂੰਹ-ਮੰਗੀ ਮਾਇਆ ਦੇ ਕੇ ਉਹ ਕੰਘਾ ਅਤੇ ਕੇਸ ਪ੍ਰਾਪਤ ਕੀਤੇ।

*******************

# ੬. ਭਾਈ ਘਨ੍ਹਈਆ ਨੂੰ ਮਾਨਵ-ਭਲਾਈ ਦਾ ਕੰਮ ਸੌਂਪਣਾ

**੧੬੮੮** (ਉਮਰ ੨੨): ਭਾਈ ਘਨ੍ਹਈਆ ਗੁਜਰਾਂਵਾਲਾ ਜ਼ਿਲੇ ਵਿੱਚ ਸੋਧਰਾ ਨਗਰ ਦਾ ਵਾਸੀ ਸੀ। ਉਹ ਅਨੰਦਪੁਰ ਵਿਖੇ ਗੁਰੂ ਤੇਗ਼ ਬਹਾਦੁਰ ਜੀ ਕੋਲ ਦਰਸ਼ਨ ਕਰਨ ਆਇਆ ਸੀ। ਗੁਰੂ ਜੀ ਨੂੰ ਮਿਲਕੇ ਉਹ ਇਤਨਾ ਅਨੰਦਤ, ਉਤਸ਼ਾਹਤ ਅਤੇ ਪ੍ਰੇਰਤ ਹੋਇਆ ਕਿ ਉਸਨੇ ਗੁਰੂ ਜੀ ਦੀ ਸ਼ਰਣ ਵਿੱਚ ਰਹਿਣ ਦਾ ਫ਼ੈਸਲਾ ਕਰ ਲਿਆ। ਉਸਨੇ ਗੁਰੂ ਜੀ ਦੇ ਲੰਗਰ ਵਿੱਚ ਪਾਣੀ ਦੀ ਸੇਵਾ ਕਰਨੀ ਆਪਣੇ ਜ਼ਿੰਮੇ ਲੈ ਲਈ।

ਭੰਗਾਣੀ ਦਾ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ, ਗੁਰੂ ਗੋਬਿੰਦ ਰਾਏ ਜੀ ਨੇ ਭਾਈ ਘਨ੍ਹਈਆ ਨੂੰ ਆਦੇਸ਼ ਕੀਤਾ ਕਿ ਉਹ ਜੰਗੇ-ਮੈਦਾਨ ਵਿੱਚ ਪਿਆਸੇ ਯੋਧਿਆਂ ਨੂੰ ਪਾਣੀ ਪਿਆਉਣ ਦੀ ਸੇਵਾ ਕਰੇ। ਜੰਗੇ-ਮੈਦਾਨ ਵਿੱਚ ਜਿਹੜਾ ਵੀ ਨਿਢਾਲ ਹੋ ਜਾਂਦਾ ਜਾਂ ਥੱਕ ਜਾਂਦਾ, ਉਹ ਭਾਈ ਘਨ੍ਹਈਆ ਕੋਲ ਆਉਂਦਾ ਜਾਂ ਉਸਨੂੰ ਬੁਲਾਉਂਦਾ। ਭਾਈ ਘਨ੍ਹਈਆ ਸਿਰਫ਼ ਸਿੱਖ ਯੋਧਿਆਂ ਦੀ ਹੀ ਸੇਵਾ ਨਹੀਂ ਸੀ ਕਰਦਾ, ਉਹ ਹਿੰਦੂ, ਮੁਸਲਿਮ ਅਤੇ ਪਠਾਣਾਂ ਨੂੰ ਵੀ ਪਾਣੀ ਪਿਲਾਉਂਦਾ ਸੀ। ਇਸਤਰ੍ਹਾਂ ਤਰੋ-ਤਾਜ਼ਾ ਹੋ ਕੇ ਉਹ ਮੁੜ ਸਿੱਖਾਂ ਨਾਲ ਜੰਗੇ-ਮੈਦਾਨ ਵਿੱਚ ਜੰਗ ਕਰਦੇ।

ਜਦ ਸਿੱਖਾਂ ਨੇ ਭਾਈ ਘਨ੍ਹਈਆ ਨੂੰ ਦੁਸ਼ਮਣਾਂ ਨੂੰ ਪਾਣੀ ਪਿਆਉਂਦਿਆਂ ਦੇਖਿਆ, ਤਾਂ ਉਹ ਬਹੁਤ ਗੁੱਸੇ ਵਿੱਚ ਹੈਰਾਨ-ਪ੍ਰੇਸ਼ਾਨ ਹੋਏ ਅਤੇ ਵਿਸ਼ਵਾਸਘਾਤ ਸਮਝਿਆ। ਜੇ ਭਾਈ ਘਨ੍ਹਈਆ ਦੁਸ਼ਮਣ ਦੇ ਘਾਇਲ ਸੈਨਕਾਂ ਨੂੰ ਪਾਣੀ ਪਿਆ ਕੇ ਮੁੜ ਤਰੋ-ਤਾਜ਼ਾ ਨਾ ਕਰਦਾ ਤਾਂ ਉਹ ਬਿਨਾਂ-ਸ਼ੱਕ ਕਮਜ਼ੋਰ ਹੋ ਜਾਂਦੇ ਜਾਂ ਤਿਹਾਏ ਹੋਣ ਕਰਕੇ ਮਰ ਜਾਂਦੇ। ਕੁਝ ਸਿੱਖ ਗੁਰੂ ਜੀ ਕੋਲ ਗਏ ਅਤੇ ਭਾਈ ਘਨ੍ਹਈਆ ਦੀ ਬੇ-ਅਕਲੀ ਤੇ ਸ਼ਿਕਾਇਤ ਕੀਤੀ। ਸਾਰੀ ਗੱਲ ਕਹਿਣ ਤੋਂ ਬਾਅਦ, ਉਹਨਾਂ ਬੇਨਤੀ ਕੀਤੀ ਕਿ ਭਾਈ ਘਨ੍ਹਈਆ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਦੁਸ਼ਮਣਾਂ ਨੂੰ ਪਾਣੀ ਨਾ ਪਿਲਾਵੇ।

ਗੁਰੂ ਜੀ ਨੇ ਭਾਈ ਘਨ੍ਹਈਆ ਨੂੰ ਬੁਲਾਇਆ ਅਤੇ ਪੁਛਿਆ: "ਹਾਂ ਭਾਈ! ਕੀ ਇਹ ਸੱਚ ਹੈ ਕਿ ਤੂੰ ਸਿੱਖਾਂ ਵਲੋਂ ਦੁਸ਼ਮਣਾਂ ਦੇ ਘਾਇਲ ਕੀਤੇ ਪਿਆਸੇ ਸੈਨਕਾਂ ਨੂੰ ਪਾਣੀ ਪਿਲਾਉਂਦਾ ਹੈਂ, ਤਾਕਿ ਉਹ ਮੁੜ ਹੁਸ਼ਿਆਰ ਹੋ ਕੇ ਯੁੱਧ ਕਰ ਸਕਣ?"

ਭਾਈ ਘਨ੍ਹਈਆ ਨੇ ਜੁਆਬ ਦਿੱਤਾ: "ਓ ਸੱਚੇ ਪਾਤਸ਼ਾਹ! ਮੈਨੂੰ ਕੋਈ ਦੁਸ਼ਮਣ ਦਿਖਾਈ ਨਹੀਂ ਦਿੰਦਾ! ਮੈਂ ਸਮਝਦਾ ਹਾਂ ਕਿ ਹਰ ਇਨਸਾਨ ਇਕੋ ਖੁਦਾ ਦਾ ਹੀ ਬਣਾਇਆ ਹੈ! ਮੈਂ ਕਿਸਨੂੰ ਪਾਣੀ ਪਿਲਾਵਾਂ ਅਤੇ ਕਿਸਨੂੰ ਇਨਕਾਰ ਕਰਾਂ? ਮੈਂ ਹਰ ਕਿਸੇ ਨੂੰ ਪਾਣੀ ਪਿਆਂਦਾ ਹਾਂ ਜਿਸਨੂੰ ਜ਼ਰੂਰਤ ਹੈ ਅਤੇ ਮੇਰੇ ਕੋਲ ਆਉਂਦਾ ਹੈ। ਤੁਸੀਂ ਆਪ ਹੀ ਮੈਨੂੰ ਇਹ ਸੇਵਾ ਦਿੱਤੀ ਹੈ ਕਿ ਹਰ ਲੋੜਵੰਦ ਨੂੰ ਪਾਣੀ ਪਿਲਾਵਾਂ!"

ਭਾਈ ਘਨ੍ਹਈਆ ਦਾ ਇਹ ਸਧਾਰਨ ਪਰ ਈਮਾਨਦਾਰੀ ਵਾਲਾ ਜੁਆਬ ਸੁਣਕੇ ਗੁਰੂ ਜੀ ਬਹੁਤ ਖ਼ੁਸ਼ ਹੋਏ। ਗੁਰੂ ਜੀ ਨੇ ਉਸਨੂੰ ਮਲ੍ਹਮ-ਪੱਟੀ ਕਰਨ ਲਈ ਸਮਾਨ ਦਿੱਤਾ ਅਤੇ ਕਿਹਾ: "ਭਾਈ ਘਨ੍ਹਈਆ! ਅੱਜ ਤੋਂ ਪਾਣੀ

ਪਿਲਾਉਣ ਦੇ ਨਾਲ ਘਾਇਲਾਂ ਦੀ ਮਲ੍ਹਮ-ਪੱਟੀ ਵੀ ਕਰਿਆ ਕਰ। ਆਪਣੇ ਨਾਲ ਕੁਝ ਹੋਰ ਸਿੱਖਾਂ ਨੂੰ ਵੀ ਲੈ ਜਾ, ਅਤੇ ਤੂੰ ਇਸ ਮੈਡੀਕਲ ਯੂਨਿਟ ਦਾ ਆਗੂ ਹੋਵੇਂਗਾ।"

ਲੋੜਵੰਦ ਅਤੇ ਘਾਇਲ ਹੋਇਆਂ ਦੀ ਸੇਵਾ ਕਰਨ ਵਾਲੇ ਯੂਨਿਟ ਦਾ ਨਾਮ 'ਸੇਵਾ ਪੰਥੀ' ਹੋ ਗਿਆ। ਕਈ ਸਦੀਆਂ ਬਾਅਦ, ਅੰਤਰ-ਰਾਸ਼ਟਰੀ ਸੰਸਥਾ 'ਰੈੱਡ ਕਰਾਸ' ਦੀ ਸਥਾਪਨਾ ਇਹਨਾਂ ਨਿਯਮਾਂ ਅਨੁਸਾਰ ਹੀ ਕੀਤੀ ਗਈ।

*******************

# ੭. ਨਦੌਣ ਦੀ ਜੰਗ

**੧੬੯੧** *(ਉਮਰ ੨੫):* ਗੁਰੂ ਜੀ ਨੇ ਪਾਉਂਟਾ ਛੱਡ ਦਿੱਤਾ ਅਤੇ ਵਾਪਸ ਅਨੰਦਪੁਰ ਆ ਗਏ।ਰਾਜਪੂਤ ਰਾਜਿਆਂ ਅਤੇ ਦਿੱਲੀ ਦੀ ਸ਼ਾਹੀ ਸਰਕਾਰ ਨਾਲ ਵਿਰੋਧਤਾ ਚਲਦੀ ਰਹੀ। ਗੁਰੂ ਜੀ ਅਤੇ ਉਸਦੇ ਸਿੱਖਾਂ ਨੇ ੨੦ ਮਾਰਚ ੧੬੯੧ ਨੂੰ ਬਿਆਸ ਦਰਿਆ ਦੇ ਖੱਬੇ ਪਾਸੇ ਕਾਂਗੜਾ ਤੋਂ ੩੦ ਕਿਲੋਮੀਟਰ ਦੂਰ ਨਦੌਣ ਸਥਾਨ ਤੇ ਮੁਗ਼ਲ ਕਮਾਂਡਰ ਆਲਿਫ਼ ਖਾਨ ਨਾਲ ਲੜਾਈ ਲੜੀ। ਆਲਿਫ਼ ਖਾਨ ਆਪਣੀ ਫ਼ੌਜ ਵੱਲ ਕੋਈ ਧਿਆਨ ਦਿੱਤੇ ਬਿਨਾਂ ਬੜੀ ਬੁਰੀ ਹਾਲਤ ਵਿੱਚ ਦੌੜ ਗਿਆ। ਹੋਰ ਵੀ ਕਈ ਝੜਪਾਂ ਵੀ ਹੋਈਆਂ, ਉਹਨਾਂ ਵਿੱਚ ਇਕ ਲੜਾਈ ੨੦ ਫਰਵਰੀ ੧੬੯੬ ਨੂੰ ਇਕ ਸ਼ਾਹੀ ਜਰਨੈਲ ਹੁਸੈਨ ਖਾਨ ਨਾਲ ਹੋਈ ਜੋ ਕਿ ਸਿੱਖਾਂ ਲਈ ਇਕ ਫ਼ੈਸਲਾਕੁੰਨ ਜਿੱਤ ਸਾਬਤ ਹੋਈ। ੧੬੯੪ ਵਿੱਚ ਪ੍ਰਿੰਸ ਮੁਅੱਜ਼ਮ (ਬਾਅਦ ਵਿੱਚ ਸ਼ਹਿਨਸ਼ਾਹ ਬਹਾਦੁਰ ਸ਼ਾਹ) ਦੀ ਪੰਜਾਬ ਸਮੇਤ ਉੱਤਰ-ਪੱਛਮ ਦੇ ਵਾਇਸਰਾਏ ਵਜੋਂ ਨਿਯੁੱਕਤੀ ਹੋਣ ਤੋਂ ਬਾਅਦ ਹਕੂਮਤ ਵਲੋਂ ਕੁਝ ਸੁੱਖ ਦਾ ਸਾਹ ਆਉਣ ਲੱਗਾ।

# ੮. ਮਸੰਦਾਂ ਦਾ ਖਾਤਮਾ

**੧੬੯੮** *(ਉਮਰ ੩੨):* ਤੀਸਰੇ ਗੁਰੂ ਨਾਨਕ (ਗੁਰੂ ਅਮਰਦਾਸ ਜੀ) ਨੇ ੨੨ ਹਿਸਿਆਂ ਵਿੱਚ 'ਮੰਜਿਆਂ' ਦੇ ਰੂਪ ਵਿੱਚ 'ਮਸੰਦ' ਨਿਯੁੱਕਤ ਕੀਤੇ ਸਨ ਤਾਕਿ ਉਹਨਾਂ ਦੀ ਪਹੁੰਚ ਭਾਰਤ ਵਿੱਚ ਦੂਰ-ਦੁਰਾਡੇ ਰਹਿੰਦੇ ਸਿੱਖਾਂ ਤੱਕ ਬਣ ਸਕੇ। ਇਹ 'ਮੰਜੀਆ' ਸਿੱਖੀ ਪਰਚਾਰ ਦੇ ਕੇਂਦਰਾਂ ਵਜੋਂ ਜਾਣੀਆਂ ਜਾਂਦੀਆ ਸਨ। ਉੱਚ-ਪੱਧਰ ਦੇ ਚਰਿੱਤਰ ਵਾਲੇ ਸਿੱਖਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਂਦੀ ਸੀ ਅਤੇ ਉਹਨਾਂ ਨੂੰ 'ਮਸੰਦ' ਕਿਹਾ ਜਾਂਦਾ ਸੀ। ਸਿੱਖੀ ਭਾਵਨਾ ਦੇ ਨਿਯਮ ਅਤੇ ਧਾਰਣਾਵਾਂ ਦੀ ਵਿਆਖਿਆ ਦੇ ਨਾਲ ਉਹਨਾਂ ਦਾ ਕੰਮ ਸ਼ਰਧਾਲੂਆਂ ਦੇ ਵਹਿਮ-ਭਰਮ ਦੂਰ ਕਰਨਾ ਵੀ ਸੀ। ਪਰ ਜੋ ਵੀ ਵਹਿਮ-ਭਰਮ ਜਾਂ ਸ਼ੰਕੇ ਉਹ ਨਵਿਰਤ ਨਹੀਂ ਕਰ ਸਕਦੇ ਸੀ, ਉਹ ਗੁਰੂ ਜੀ ਕੋਲ ਲਿਆਂਦੇ ਜਾਂਦੇ ਸਨ। ਮਸੰਦਾਂ ਦਾ ਗੁਰੂ ਜੀ ਕੋਲ ਸਾਲ ਵਿੱਚ ਦੋ ਵਾਰ ਆਉਣਾ ਜ਼ਰੂਰੀ ਸਮਝਿਆ ਜਾਂਦਾ ਸੀ। ਪਰ ਇਸ ਵਿੱਚ ਇਕ ਖਤਰਾ ਛੁਪਿਆ ਹੋਇਆ ਸੀ - ਕਿਉਂਕਿ ਮਸੰਦ ਸ਼ਰਧਾਲੂਆਂ ਕੋਲੋਂ ਭੇਟਾ ਵੀ ਇਕੱਠੀ ਕਰਦੇ ਸਨ। ਸਮਾਂ ਬੀਤਨ ਤੇ, ਮਸੰਦ ਲਾਲਚੀ ਅਤੇ ਭ੍ਰਿਸ਼ਟ ਹੋ ਗਏ। ਸ਼ੁਰੂ ਵਿੱਚ ਤਾਂ ਉਹ ਉੱਚ ਪੱਧਰ ਦਾ ਚਰਿੱਤਰ ਰਖਦੇ ਸਨ ਪਰ ਆਹਿਸਤਾ- ਆਹਿਸਤਾ ਉਹ ਭੇਟਾ/ਚੜ੍ਹਾਵਾ ਆਪਣੇ ਕੋਲ ਰਖਨ ਲੱਗ ਪਏ। ਇੱਸੇ ਕਰਕੇ ਸਿੱਖੀ ਇਹ ਸਿਖਾਉਂਦੀ ਹੈ ਕਿ ਆਪਣੇ ਆਪ ਨੂੰ ਬਹੁਤ ਪਾਕ-ਪਵਿੱਤਰ ਨਾ ਸਮਝਿਆ ਜਾਵੇ ਬਲਕਿ ਇੱਕ ਬੇਵਕੂਫ਼ ਜੋ ਕਦੇ ਵੀ ਭ੍ਰਿਸ਼ਟ ਹੋ ਸਕਦਾ ਹੈ।

ਗੁਰੂ ਗੋਬਿੰਦ ਰਾਏ ਜੀ ਨੇ ਭਾਰਤ ਵਿੱਚ ਸਾਰੀਆਂ ਸਿੱਖ ਸੰਗਤਾਂ ਨੂੰ ਆਦੇਸ਼ ਕੀਤਾ ਕਿ ਸ਼ਿਕਾਇਤਾਂ ਵਾਲੇ ਮਸੰਦਾਂ ਨੂੰ ਮਾਨਤਾ ਨਾ ਦਿਤੀ ਜਾਵੇ। ਗੁਰੂ ਜੀ ਨੇ ਆਮ ਸਿੱਖਾਂ ਨੂੰ ਅਨੰਦਪੁਰ ਆਉਣ ਦਾ ਸੱਦਾ ਦਿੱਤਾ ਅਤੇ ਸਾਰੀ ਭੇਟਾ ਆਪ ਹੀ ਲਿਆਉਣ ਲਈ ਕਿਹਾ। ਇਸਤਰ੍ਹਾਂ ਗੁਰੂ ਜੀ ਨੇ ਸਿੱਖਾਂ ਨਾਲ ਸਿੱਧਾ ਸੰਪਰਕ ਕਾਇਮ ਕੀਤਾ ਅਤੇ ਉਹਨਾਂ ਨੂੰ ਆਪਣਾ 'ਖਾਲਸਾ' ਕਹਕੇ ਸੰਬੋਧਨ ਕੀਤਾ।

# ੯. ਪੰਜ ਪਿਆਰੇ

**੧੬੯੯** *(ਉਮਰ ੩੩):* ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਉਹਨਾਂ ਦੇ ਉਤਰਾਧਿਕਾਰੀ ਲੰਬੇ ਕੇਸ ਅਤੇ ਦਾੜ੍ਹੀ ਰੱਖਣ ਦੇ ਆਦੀ ਸਨ ਅਤੇ ਕੇਸਾਂ ਨੂੰ ਕੁਦਰਤੀ ਰੂਪ ਵਿੱਚ ਵਧਣ ਦਿੰਦੇ ਸਨ। ਉਹ ਪਗੜੀ ਧਾਰਣ ਕਰਦੇ ਸਨ, ਟੋਪੀ ਨਹੀਂ। ਸ਼ਾਰਧਾਲੂ ਸਿੱਖ ਵੀ ਆਮ ਕਰਕੇ ਗੁਰੂਆਂ ਅਨੁਸਾਰ ਚਲਦੇ ਸਨ। ਉਹ ਵੀ ਲੰਬੇ ਕੇਸ ਅਤੇ ਖੁਲੇ ਦਾੜ੍ਹੇ ਰਖਦੇ ਸਨ, ਪਰ ਕਈ ਲੋਕ ਸਿੱਖ ਹੋਣ ਦੇ ਬਾਵਜੂਦ ਇਸਤਰ੍ਹਾਂ ਨਹੀਂ ਕਰਦੇ ਸਨ।

ਉਹਨਾਂ ਦੇ ਵਿਸ਼ਵਾਸ, ਚਰਿੱਤਰ, ਬਾਹਰਲੀ ਦਿੱਖ, ਰਸਮ-ਰਿਵਾਜ ਅਤੇ ਰੋਜ਼ ਦੇ ਰਹਿਣ-ਸਹਿਣ ਅਨੁਸਾਰ, ਉਹ ਹਿੰਦੂਆ ਅਤੇ ਮੁਸਲਮਾਨਾਂ ਤੋਂ ਵੱਖਰੇ ਸਨ। ਪਰ ਫਿਰ ਵੀ, ਸਿਰਫ਼ ਬਾਹਰਲੀ ਦਿੱਖ ਤੋਂ ਹੀ ਸਿੱਖ ਦੀ ਪਹਿਚਾਣ ਨਹੀਂ ਹੋ ਸਕਦੀ ਸੀ। ਗੁਰੂ ਗੋਬਿੰਦ ਰਾਏ ਨੇ ਫ਼ੈਸਲਾ ਕੀਤਾ ਕਿ ਸਾਰੇ ਸਿੱਖ ਆਪਣੇ ਗੁਰੂਆਂ ਦੀ ਤਰ੍ਹਾਂ ਸਿਰ ਅਤੇ ਦਾੜ੍ਹੀ ਦੇ ਕੇਸਾਂ ਨੂੰ ਆਮ ਰੂਪ ਵਿੱਚ ਰਖਣ। ਇਸਤਰ੍ਹਾਂ ਅਸਲ ਸਿੱਖ ਦੀ ਪਹਿਚਾਣ ਹਜ਼ਾਰਾਂ ਗੈਰ-ਸਿੱਖਾਂ ਵਿੱਚ ਹੋ ਸਕੇਗੀ।

੧੬੯੯ ਸਾਲ ਦੇ ਸ਼ੁਰੂ ਵਿੱਚ, ਗੁਰੂ ਜੀ ਨੇ ਸਿੱਖਾਂ ਨੂੰ ਸੱਦੇ ਭੇਜੇ। ਉਹਨਾਂ ਨੂੰ ਇਕ ਵਿਸ਼ੇਸ਼ ਇਕੱਠ ਵਿੱਚ ਹਾਜ਼ਰ ਹੋਣ ਲਈ ਕਿਹਾ। ਉਹ ਇਕੱਠ ਉਸ ਸਾਲ ਦੇ ਵਿਸਾਖੀ ਵਾਲੇ ਦਿਨ ਰਖਿਆ ਗਿਆ। ਬਹੁਤ ਸਾਰੇ ਲੋਕਾਂ ਨੇ ਸੱਦੇ ਦਾ ਭਰਵਾਂ ਹੁੰਗਾਰਾ ਭੇਜਿਆ। ਜਦੋਂ ਵਿਸਾਖੀ ਦਾ ਦਿਨ ਆਇਆ, ਬਹੁਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਸਿੱਖ ਅਨੰਦਪੁਰ ਵਿੱਚ ਇਕੱਠੇ ਹੋਏ। ਉਹ ਭਾਰਤ ਦੇ ਹਰ ਕੋਨੇ ਤੋਂ ਆਏ। ਗੁਰੂ ਜੀ ਨੇ ਇਕ ਉੱਚੀ ਸਟੇਜ ਤੇ ਦਰੀਆਂ ਵਿੱਛਾਉਣ ਦਾ ਹੁਕਮ ਕੀਤਾ। ਨੇੜੇ ਹੀ ਇਕ ਸ਼ਾਨਦਾਰ ਤੰਬੂ ਲਗਾਇਆ ਗਿਆ। ਉਸ ਸਥਾਨ ਤੇ ਅੱਜ ਕਲ੍ਹ ਕੇਸ ਗੜ੍ਹ ਨਾਮੀ ਗੁਰਦੁਆਰਾ ਸੁਸ਼ੋਭਤ ਹੈ।

ਵਿਸਾਖੀ ਤੋਂ ਇਕ ਦਿਨ ਪਹਿਲਾਂ ਇਕ ਖੁੱਲ੍ਹੇ ਮੈਦਾਨ ਵਿੱਚ ਇਕ ਵਿਸ਼ਾਲ ਸੰਗਤ ਇਕੱਠੀ ਹੋਈ। ਜਿਵੇਂ ਹੀ ਸਵੇਰ ਵੇਲੇ ਦੇ ਪਾਠ ਦਾ ਭੋਗ ਪਿਆ, ਗੁਰੂ ਜੀ ਤੰਬੂ ਦੇ ਅੰਦਰ ਗਏ ਅਤੇ ਕੁਝ ਚਿਰ ਉੱਥੇ ਰਹੇ। ਇਕੱਠੇ ਹੋਏ ਸਿੱਖ-ਸੰਗਤ ਚਿੰਤਾਤੁਰ ਹੋ ਗਈ। ਉਹ ਹੈਰਾਨ ਸਨ ਕਿ ਅੰਦਰ ਕੀ ਹੋ ਰਿਹਾ ਹੈ! ਆਖਰਕਾਰ, ਗੁਰੂ ਜੀ ਬਾਹਰ ਆਏ। ਦਸਿਆ ਜਾਂਦਾ ਹੈ ਕਿ ਗੁਰੂ ਜੀ ਬਹੁਤ ਅਜੀਬ ਲਗ ਰਹੇ ਸਨ, ਅਤੇ ਅੱਖਾਂ ਕਹਿਰ-ਰੂਪੀ ਜੋਸ਼ ਵਿੱਚ ਭੜਕ ਰਹੀਆਂ ਸਨ। ਉਹਨਾਂ ਦਾ ਚੇਹਰਾ ਗੰਭੀਰ ਅਤੇ ਸੁਰਖ ਲਾਲ ਦਗਦਗਾ ਰਿਹਾ ਸੀ। ਉਹਨਾਂ ਦੇ ਹੱਥ ਵਿੱਚ ਨੰਗੀ ਤਲਵਾਰ ਚਾਂਦੀ-ਨੁਮਾਂ ਚਮਕ ਰਹੀ ਸੀ ਜਿਸਨੂੰ ਉਹਨਾਂ ਨੇ ਆਪਣੇ ਹੱਥ ਵਿੱਚ ਉੱਚਾ ਕਰਕੇ ਪਕੜਿਆ ਹੋਇਆ ਸੀ। ਗੁਰੂ ਜੀ ਨੇ ਏਧਰ ਓਧਰ ਇਸਤਰ੍ਹਾਂ ਦੇਖਿਆ ਜਿਵੇਂ ਕਿ ਕੋਈ ਦ੍ਰਿੜ ਯੋਧਾ ਜੰਗੇ-ਮੈਦਾਨ ਵਿੱਚ ਦਾਖਲ ਹੋ ਰਿਹਾ ਹੋਵੇ। ਬੜੀ ਗਰਜਵੀਂ ਆਵਾਜ਼ ਵਿੱਚ ਗੁਰੂ ਜੀ ਨੇ ਕਿਹਾ: "ਓ ਮੇਰੇ ਪਿਆਰੇ ਸਿੱਖੋ! ਮੇਰੀ ਇਹ ਤਲਵਾਰ ਇਕ ਸਿੱਖ ਦਾ ਖੂਨ ਚੱਖਣਾ ਚਾਹੁੰਦੀ ਹੈ! ਤੁਹਾਡੇ ਵਿੱਚੋਂ ਕੋਈ ਹੈ ਜੋ ਆਪਣੀ ਜਾਨ ਕੁਰਬਾਨ ਕਰ ਸਕੇ?"

ਇਸ ਅਜੀਬ ਮੰਗ ਨੂੰ ਸੁਣਕੇ ਸੰਗਤ ਵਿੱਚ ਬੈਠਾ ਹਰ ਕੋਈ ਭੈ-ਭੀਤ ਹੋ ਗਿਆ। ਇਸ ਭਿਆਨਕ ਮੰਗ ਦੇ ਜੁਆਬ ਵਿੱਚ ਕਿਸੇ ਪਾਸਿਓਂ ਕੋਈ ਜੁਆਬ ਨਾ ਆਇਆ। ਗੁਰੂ ਜੀ ਨੇ ਆਪਣੀ ਮੰਗ ਨੂੰ ਦੁਹਰਾਇਆ।

ਫਿਰ ਵੀ ਕੋਈ ਉੱਤਰ ਨਾ ਮਿਲਿਆ। ਤੀਸਰੀ ਵਾਰ ਹੋਰ ਉੱਚੀ ਅਤੇ ਕੜਕਵੀਂ ਬੁਲੰਦ ਆਵਾਜ਼ ਬੋਲੇ। ਕਿਹਾ ਜਾਂਦਾ ਹੈ ਕਿ ਉਹਨਾਂ ਨੇ ਪੁੱਛਿਆ 'ਕੀ ਤੁਹਾਡੇ ਵਿੱਚ ਕੋਈ ਮੇਰਾ ਸੱਚਾ ਸਿੱਖ ਹੈ? ਜੇ ਹੈ ਤਾਂ ਮੈਨੂੰ ਆਪਣਾ ਸਿਰ ਭੇਟ ਕਰੇ, ਜੋ ਮੇਰੇ ਵਿੱਚ ਉਸਦੇ ਵਿਸ਼ਵਾਸ ਦਾ ਸਬੂਤ ਹੋਵੇ!' ਆਖਰਕਾਰ, ਲਾਹੌਰ ਦਾ ਇੱਕ ਖਤਰੀ[੪] – ਭਾਈ ਦਯਾ ਰਾਮ ਉਠਿਆ ਅਤੇ ਆਪਣਾ ਸਿਰ ਭੇਟ ਕੀਤਾ।

ਗੁਰੂ ਜੀ ਨੇ ਉਸਨੂੰ ਬਾਹੋਂ ਪਕੜਿਆ ਅਤੇ ਤੰਬੂ ਦੇ ਅੰਦਰ ਲੈ ਗਏ। ਕਿਹਾ ਜਾਂਦਾ ਹੈ ਕਿ ਸਿੱਖਾਂ ਨੇ ਤਲਵਾਰ ਦੇ ਚੱਲਣ ਦੀ ਆਵਾਜ਼ ਸੁਣੀ। ਉਹਨਾਂ ਨੇ ਇਕ ਸਰੀਰ ਦੇ ਧਰਤੀ ਉਪਰ ਡਿੱਗਣ ਦੀ ਆਵਾਜ਼ ਵੀ ਸੁਣੀ। ਅਤੇ ਉਹਨਾਂ ਨੇ ਖ਼ੂਨ ਦੀ ਧਾਰ ਬਾਹਰ ਆਉਂਦੀ ਵੀ ਦੇਖੀ। ਇਸਤਰ੍ਹਾਂ ਲਗਿਆ ਕਿ ਗੁਰੂ ਜੀ ਨੇ ਦਯਾ ਰਾਮ ਦਾ ਸਿਰ ਕਤਲ ਕਰ ਦਿੱਤਾ ਸੀ।

ਜਦ ਗੁਰੂ ਜੀ ਤੰਬੂ ਤੋਂ ਫਿਰ ਬਾਹਰ ਆਏ ਤਾਂ ਉਹਨਾਂ ਦਾ ਚੇਹਰਾ ਪਹਿਲਾਂ ਨਾਲੋਂ ਜ਼ਿਆਦਾ ਲਾਲ ਦਗਮਗਾ ਰਿਹਾ ਸੀ। ਮਨੁੱਖੀ ਸਰੀਰ ਦੇ ਲਹੂ ਵਾਂਗੂੰ ਗੁਰੂ ਜੀ ਦੀਆ ਅੱਖਾਂ ਲਾਲ ਸਨ। ਹੋਰ ਉੱਚੀ ਕੜਕਵੀ ਆਵਾਜ਼ ਵਿੱਚ ਗੁਰੂ ਜੀ ਵਲੋਂ ਫਿਰ ਕਹਿੰਦਿਆਂ ਕਿਹਾ ਗਿਆ ਹੈ: 'ਕੀ ਹੋਰ ਕੋਈ ਸੱਚਾ ਸਿੱਖ ਹੈ ਜੋ ਮੈਨੂੰ ਆਪਣਾ ਸਿਰ ਭੇਟ ਕਰੇ?' ਸੰਗਤ ਵਿੱਚ ਬੈਠੇ ਸਾਰੇ ਸਿੱਖ ਪੂਰੀ ਤਰ੍ਹਾਂ ਮੰਨ ਚੁੱਕੇ ਸਨ ਕਿ ਦਯਾ ਰਾਮ ਦਾ ਸਿਰ ਭੇਂਟ ਹੋ ਚੁੱਕਾ ਹੈ ਅਤੇ ਗੁਰੂ ਜੀ ਹੁਣ ਇਕ ਹੋਰ ਸਿਰ ਦੀ ਮੰਗ ਕਰ ਰਹੇ ਸਨ। ਸਾਰੇ ਪਾਸੇ ਮੌਤ ਵਰਗੀ ਚੁੱਪ ਫ਼ੈਲ ਗਈ ਜਦ ਕਿ ਗੁਰੂ ਜੀ ਨੇ ਫਿਰ ਉੱਚੀ ਆਵਾਜ਼ ਵਿੱਚ ਪੁਕਾਰਿਆ। ਫਿਰ ਕਿਸੇ ਪਾਸਿਓਂ ਕੋਈ ਜੁਆਬ ਨਾ ਮਿਲਿਆ। ਗੁਰੂ ਜੀ ਨੇ ਤੀਜੀ ਵਾਰ ਫਿਰ ਉੱਚੀ ਆਵਾਜ਼ ਦਿਤੀ। ਦਿੱਲੀ ਦਾ ਇਕ ਜੱਟ ਸਿੱਖ ਭਾਈ ਧਰਮ ਦਾਸ ਉੱਠਿਆ ਅਤੇ ਆਪਣਾ ਸਿਰ ਭੇਂਟ ਕੀਤਾ।

ਗੁਰੂ ਜੀ ਨੇ ਉਸਨੂੰ ਬਾਹੋਂ ਪਕੜਿਆ ਅਤੇ ਤੰਬੂ ਦੇ ਅੰਦਰ ਲੈ ਗਏ। ਪਹਿਲਾਂ ਦੀ ਤਰ੍ਹਾਂ ਦੋ ਆਵਾਜ਼ਾਂ ਸੁਣੀਆਂ ਗਈਆਂ। ਪਹਿਲੀ ਆਵਾਜ਼ ਤਲਵਾਰ ਚੱਲਣ ਦੀ ਅਤੇ ਦੂਜੀ ਆਵਾਜ਼ ਸਰੀਰ ਦੇ ਧਰਤੀ ਉੱਪਰ ਡਿੱਗਣ ਦੀ। ਪਹਿਲਾਂ ਵਾਂਗੂੰ ਹੀ, ਖ਼ੂਨ ਦੀ ਧਾਰ ਤੰਬੂ ਵਿੱਚੋਂ ਬਾਹਰ ਆਉਂਦੀ ਦੇਖੀ ਗਈ। ਸੰਗਤ ਨੂੰ ਯਕੀਨ ਹੋ ਗਿਆ ਕਿ ਭਾਈ ਧਰਮ ਦਾਸ ਦਾ ਵੀ ਕਤਲ ਹੋ ਗਿਆ ਸੀ। ਉਹ ਸਾਰੇ ਹੀ ਭੈ-ਭੀਤ ਹੋ ਗਏ। ਕਈ ਤਾਂ ਆਪਣੀਆ ਜਾਨਾਂ ਬਚਾਉਣ ਦੀ ਖਾਤਰ ਉਥੋਂ ਖਿਸਕ ਗਏ।

ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਆਪਣੇ ਸਿਰ ਉਪਰੋਂ ਤਲਵਾਰ ਘੁਮਾਉਂਦਿਆਂ ਹੋਇਆਂ ਇਕ ਹੋਰ ਸਿਰ ਦੀ ਮੰਗ ਲਈ ਤਿੰਨ ਵਾਰ ਪੁਕਾਰਿਆ। ਹਰ ਵਾਰ ਉਹ ਪਹਿਲਾਂ ਨਾਲੋਂ ਜ਼ਿਆਦਾ ਪ੍ਰਚੰਡ ਰੂਪ ਵਿੱਚ ਦਿਖਾਈ ਦੇ ਰਹੇ ਸਨ। ਉਹਨਾਂ ਦਾ ਚੇਹਰਾ ਅਤੇ ਅੱਖਾਂ ਵਧੇਰੇ ਲਾਲ-ਸੁਰਖ ਦਿਖਾਈ ਦੇ ਰਹੇ ਸਨ। ਹਰ ਵਾਰੀ ਹੋਰ ਸਿੱਖ ਖਿਸਕਦੇ ਜਾ ਰਹੇ ਸਨ। ਸਾਰਾ ਇਕੱਠ ਘਟਦਾ ਜਾ ਰਿਹਾ ਸੀ। ਕੁਝ ਸਿੱਖ ਗੁਰੂ ਜੀ ਦੇ ਮਾਤਾ – ਮਾਤਾ ਗੂਜਰੀ

---

*(੪) – ਸ਼. ਗੁ. ਪ੍ਰ. ਕ. ਦੀ ਵੇਬਸਾਈਟ ਤੇ ਪੰਜ ਪਿਆਰਿਆਂ ਨੂੰ ਸਿੰਘ ਬਨਣ ਤੋਂ ਪਹਿਲਾਂ ਜਾਤ ਨਾਲ ਲਿਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬਾਕਾਇਦਾ ਕਿ ਸਿੱਘ ਅਪਨੇ ਆਪ ਨੂੰ ਹਿੰਦੂ ਜਾਤਾਂ ਨਾਲ ਨ ਜਾਣੇ ਜਾਣ। ਗੁਰੂ ਨਾਨਕ ਦੇਵ ਜੀ ਦੀਆਂ ਦੋ ਸੌ ਸਾਲਾਂ ਤੋਂ ਵੱਧ ਦੀਆਂ ਸਿੱਖਿਆਂ ਕਾਰਨ ਬਹੁਤੇ ਸਿੱਖ ਹਿੰਦੂ ਜਾਤਾਂ ਨੂੰ ਨਹੀਂ ਮੰਨਦੇ ਸਨ। ਪਰ ਇਸ ਬਾਰੇ ਕੋਈ ਬਾਕਾਇਦਾ ਹਿਦਾਇਤਾਂ ਨਹੀਂ ਸਨ।*

ਜੀ ਕੋਲ ਗਏ ਅਤੇ ਦੈਂਤਾਂ ਦੀ ਤਰ੍ਹਾਂ ਕੁਰਬਾਨੀਆਂ ਵਿਰੁੱਧ ਸ਼ਿਕਾਇਤ ਕੀਤੀ। 'ਗੁਰੂ ਜੀ ਪਾਗ਼ਲ ਹੋ ਗਏ ਹਨ। ਉਹ ਸਿੱਖਾਂ ਦੇ ਕਤਲ ਕਰ ਰਹੇ ਹਨ। ਉਹਨਾਂਨੂੰ ਗੁਰੂਪਣੇ ਤੋਂ ਹਟਾਓ! ਉਹਨਾਂ ਦੀ ਥਾਂ ਆਪਣੇ ਪੋਤੇ ਨੂੰ ਗੁਰੂ ਬਣਾਓ!' ਮਾਤਾ ਜੀ ਨੇ ਗੋਬਿੰਦ ਰਾਏ ਨੂੰ ਸਿਨਹਾ ਭੇਜਿਆ। ਪਰ ਗੁਰੂ ਜੀ ਉਸ ਵੇਲੇ ਕਿਸੇ ਦੇ ਵੀ ਸੁਨੇਹੇ ਨੂੰ ਸੁਣਨ ਦੇ ਰੌਂ ਵਿੱਚ ਨਹੀਂ ਸਨ।

ਤਿੰਨ ਹੋਰ ਸਿੱਖਾਂ ਨੇ ਗੁਰੂ ਜੀ ਨੂੰ ਆਪਣੇ ਸਿਰ ਭੇਂਟ ਕੀਤੇ। ਹੇਠ ਲਿਖੇ ਪੰਜ ਸਿੱਖਾਂ ਨੇ ਉਸ ਦਿਨ ਗੁਰੂ ਜੀ ਨੂੰ ਆਪਣੇ ਸਿਰ ਭੇਂਟ ਕੀਤੇ:

- ਦਯਾ ਰਾਮ; ਲਾਹੌਰ ਤੋਂ ਇਕ ਖਤਰੀ।
- ਧਰਮ ਦਾਸ; ਦਿੱਲੀ ਤੋਂ ਇਕ ਜੱਟ ਸਿੱਖ।
- ਹਿੰਮਤ ਰਾਏ; ਜਗਨਨਾਥਪੁਰ ਤੋਂ ਇਕ ਝੀਂਵਰ।
- ਮੁਹਕਮ ਚੰਦ; ਦਵਾਰਕਾ ਤੋਂ ਇਕ ਧੋਬੀ।
- ਸਾਹਿਬ ਚੰਦ; ਬਿਦਰ ਤੋਂ ਇਕ ਨਾਈ।

ਪੰਜਵੀਂ ਪੁਕਾਰ ਤੋਂ ਬਾਅਦ, ਗੁਰੂ ਜੀ ਕੁਝ ਲੰਬੇ ਸਮੇਂ ਲਈ ਤੰਬੂ ਦੇ ਅੰਦਰ ਰਹੇ। ਆਖਰਕਾਰ, ਬਾਹਰ ਆ ਗਏ। ਉਹ ਚਮਕੀਲੇ ਕੇਸਰੀ ਪਹਿਰਾਵੇ ਵਿੱਚ ਸੁਸ਼ੋਭਤ ਸਨ। ਉਹਨਾਂ ਦੀ ਤਲਵਾਰ ਮਿਆਨ ਵਿੱਚ ਸੀ। ਉਹਨਾਂ ਦਾ ਚੇਹਰਾ ਬੜੀ ਖ਼ੁਸ਼ੀ ਅਤੇ ਸੰਤੁਸ਼ਟੀ ਨਾਲ ਦਗਮਗਾ ਰਿਹਾ ਸੀ। ਉਹਨਾਂ ਦੇ ਪਿਛੇ ਪੰਜ ਸਿੱਖ ਸਨ, ਜੋ ਗੁਰੂ ਜੀ ਵਰਗੇ ਪਹਿਰਾਵੇ ਵਿੱਚ ਸਨ। ਉਹ ਕੌਣ ਸਨ? ਇਹ ਕੈਸਾ ਚਮਤਕਾਰ ਹੈ! ਉਹ ਉਹੋ ਹੀ ਸਨ ਜਿਹਨਾਂ ਨੇ ਆਪਣੇ ਸਿਰ ਗੁਰੂ ਜੀ ਨੂੰ ਭੇਂਟ ਕੀਤੇ ਸਨ! ਕੀ ਉਹਨਾਂ ਨੂੰ ਮੁੜ ਜ਼ਿੰਦਾ ਕਰ ਦਿੱਤਾ ਗਿਆ ਹੈ? ਉਹਨਾਂ ਦੇ ਚੇਹਰੇ, ਉਹਨਾਂ ਦੇ ਪਹਿਰਾਵੇ ਅਤੇ ਉਹਨਾਂ ਦੀ ਦਿੱਖ ਪੂਰੀ ਤਰ੍ਹਾਂ ਗੁਰੂ ਜੀ ਵਰਗੀ ਹੋ ਗਈ ਸੀ! ਗੁਰੂ ਜੀ ਨੇ ਉਹਨਾਂ ਨੂੰ ਆਪਣੇ '**ਪੰਜ ਪਿਆਰੇ**' ਕਿਹ ਕੇ ਸੰਬੋਧਿਤ ਕੀਤਾ।

******************

# ੧੦. ਖਾਲਸੇ ਦੀ ਸਾਜਨਾ – ਇਕ ਕ੍ਰਾਂਤੀਕਾਰੀ ਕਾਰਜ

**੧੬੯੯** *(ਉਮਰ ੩੩):* ਵੈਸਾਖੀ ਵਾਲੇ ਦਿਨ, ਗੁਰੂ ਜੀ ਨੇ ਸਫ਼ੈਦ ਪਹਿਰਾਵਾ ਸਜਾਇਆ। ਉਹ ਬਹੁਤ ਚੜ੍ਹਦੀ ਕਲਾ ਵਿੱਚ ਸਨ। ਉਹਨਾਂ ਦਾ ਚੇਹਰਾ ਦਗਮਗਾਂਦਾ ਅਤੇ ਹੁਲਾਸ-ਭਰਪੂਰ ਸੀ। ਉਹ ਆਪਣੇ ਸਿੰਘਾਸਨ ਉਪਰ ਬਿਰਾਜਮਾਨ ਸਨ ਅਤੇ ਪੰਜ ਪਿਆਰੇ ਉਹਨਾਂ ਸਾਹਮਣੇ ਪਹਿਲੀ ਕਤਾਰ ਵਿੱਚ ਬੈਠੇ ਸਨ। ਜਦ ਸਾਰੀ ਸੰਗਤ ਇਕੱਠੀ ਹੋ ਗਈ, ਤਾਂ ਗੁਰੂ ਜੀ ਨੇ ਵਿਸਤਾਰ-ਸਹਿਤ ਦਸਿਆ ਕਿ ਅੱਜ ਤੋਂ 'ਚਰਨ-ਪਾਹੁਲ' ਦੀ ਥਾਂ 'ਖੰਡੇ ਦਾ ਅੰਮ੍ਰਿਤ' ਹੋਵੇਗਾ। ਸਿੱਖ ਬਣਨ ਦਾ ਚਾਹਵਾਨ ਵਿਅੱਕਤੀ ਉਹ ਜਲ ਛਕੇਗਾ ਜੋ ਦੁਧਾਰੇ ਖੰਡੇ ਨਾਲ ਤਿਆਰ ਕੀਤਾ ਗਿਆ ਹੋਵੇਗਾ। ਇਸੇ ਜਲ ਨੂੰ 'ਅੰਮ੍ਰਿਤ' ਕਿਹਾ ਜਾਵੇਗਾ।

ਪਹਿਲੇ ਨਾਨਕ ਨੇ ਕਿਹਾ ਸੀ ਕਿ ਮਿੱਠਤ ਅਤੇ ਹਲੇਮੀ ਹੀ ਸਾਰੇ ਗੁਣਾਂ ਦਾ ਸਾਰ ਹੈ। ਗੁਰੂ ਗੋਬਿੰਦ ਰਾਏ ਜੀ ਨੇ ਦਰਸਾਇਆ ਕਿ ਸਮਾਂ ਬਦਲ ਗਿਆ ਹੈ। ਸਿਰਫ਼ ਮਿੱਠਤ ਅਤੇ ਨਿਮਰਤਾ ਨਾਲ ਸਮੇਂ ਦੀਆਂ ਵੰਗਾਰਾਂ ਨੂੰ ਕਾਮਯਾਬੀ ਨਾਲ ਜਿਤਿਆ ਨਹੀਂ ਜਾ ਸਕਦਾ। ਹੁਣ ਨਿਡਰ ਬਹਾਦੁਰੀ, ਨਿਰਭੈਤਾ, ਹੌਂਸਲਾ ਅਤੇ ਸ਼ਸਤਰਾਂ ਦੇ ਵਰਤੋਂ ਦੀ ਕਲਾਬਾਜ਼ੀ ਦੀ ਜ਼ਰੂਰਤ ਹੈ। ਆਪਣੇ ਧਰਮ ਦੀ ਰਖਿਆ ਕਰਨ ਲਈ, ਸਿੱਖ ਕੌਮ ਨੂੰ ਬਰਕਰਾਰ ਰਖਣ ਲਈ ਅਤੇ ਹਰ ਮਾਨਵ ਨੂੰ ਮੁਗ਼ਲ-ਸ਼ਾਸਕਾਂ ਦੇ ਜ਼ੁਲਮ ਤੋਂ ਮੁਕਤ ਕਰਨ ਲਈ ਇਹ ਕਲਾਵਾਂ ਜ਼ਰੂਰੀ ਹਨ। ਆਮ ਲੋਕਾਂ ਵਿੱਚ ਇਨਸਾਫ਼, ਪਿਆਰ ਅਤੇ ਭਰਾਤਰੀਪਣ ਦੀ ਬਰਾਬਰਤਾ ਦੀ ਭਾਵਨਾ ਉਤੇਜਿਤ ਕਰਨ ਲਈ ਇਹ ਧਾਰਣਾਵਾਂ ਜ਼ਰੂਰੀ ਹਨ।

'ਕੋਈ ਵਿਅੱਕਤੀ ਵੀ ਜੋ ਅੰਮ੍ਰਿਤ ਦਾ ਸੇਵਨ ਕਰਦਾ ਹੈ, ਉਹ ਗਿੱਦੜ ਤੋਂ ਸ਼ੇਰ ਵਿੱਚ ਅਤੇ ਚਿੜੀਆਂ ਤੋਂ ਬਾਜ ਵਿੱਚ ਬਦਲ ਜਾਂਦਾ ਹੈ। ਉਸਨੂੰ 'ਸਿੰਘ' (ਸ਼ੇਰ) ਕਿਹਾ ਜਾਇਆ ਕਰੇਗਾ। ਸਾਰੀਆ ਜਾਤਾਂ ਦੇ ਲੋਗ 'ਅੰਮ੍ਰਿਤ' ਛੱਕ ਸਕਦੇ ਹਨ। ਮੈਂ ਸਾਰੇ ਸਿੱਖਾਂ ਨੂੰ ਆਪਣੀ ਪਹਿਲੀ ਜਾਤ ਵਾਲੀ ਪਹਿਚਾਣ ਭੁਲਾ ਦੇਣ ਲਈ ਕਹਿੰਦਾ ਹਾਂ। ਮੈਂ ਸਾਰਿਆਂ ਨੂੰ 'ਖਾਲਸੇ' ਦੀ ਇਕ ਭ੍ਰਾਤਰੀਪਣ ਦੀ ਭਾਵਨਾ ਵਿੱਚ ਜੋੜਨਾ ਚਾਹੁੰਦਾ ਹਾਂ। ਇਸ ਭ੍ਰਾਤਰੀਪਣ ਵਿੱਚ ਸਾਰੇ ਹਰ ਤਰ੍ਹਾਂ ਇਕ ਬਰਾਬਰ ਹੋਣਗੇ।' ਗੁਰੂ ਗੋਬਿੰਦ ਰਾਏ ਤੋਂ ਪਹਿਲਾਂ ਵੀ ਨੌਂ ਗੁਰੂ ਪ੍ਰਮਾਤਮਾ ਦੇ ਬਣਾਏ ਸਾਰੇ ਮਨੁੱਖ ਅਤੇ ਔਰਤਾਂ ਨੂੰ ਉਸਦੀ ਬਰਾਬਰ ਦੀ ਰਚਨਾ ਪਰਚਾਰਦੇ ਰਹੇ ਸਨ। ਗੁਰੂ ਜੀ ਹਰ ਵੇਲੇ ਇਹੀ ਪਰਚਾਰਦੇ ਰਹੇ ਕਿ ਇਨਸਾਨ ਦੀ ਜਨਮ ਵੇਲੇ ਦੀ ਜਾਤ ਪ੍ਰਮਾਤਮਾ ਦੀਆਂ ਅੱਖਾਂ ਵਿੱਚ ਕੋਈ ਮਾਹਨੇ ਨਹੀਂ ਰਖਦੀ। ਗੁਰੂ ਗੋਬਿੰਦ ਰਾਏ ਨੇ ਇਸ ਵਿਸ਼ੇ ਨੂੰ ਸਪਸ਼ਟ ਸ਼ਬਦਾਂ ਵਿੱਚ ਬਿਆਨ ਕੀਤਾ ਅਤੇ ਗੁਰੂ ਨਾਨਕ ਜੀ ਵਲੋਂ ਪਹਿਲਾਂ ਦੱਸੇ ਸੰਦੇਸ਼ ਨੂੰ ਦੁਹਰਾਇਆ।

ਗੁਰੂ ਜੀ ਨੇ ਸਰਬ-ਲੋਹ ਦੇ ਇਕ ਬਾਟੇ ਵਿੱਚ ਪਵਿੱਤਰ ਜਲ ਪਾਇਆ ਅਤੇ ਕੋਲ ਹੀ ਚੌਕੜਾ ਮਾਰ ਕੇ ਬੈਠ ਗਏ। ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਆਪਣੇ ਪਾਸ ਖੜੇ ਹੋਣ ਅਤੇ ਆਪਣੀਆਂ ਅੱਖਾਂ ਬਾਟੇ ਵਿੱਚ ਜਲ ਉਪਰ ਅਤੇ ਮਨ ਨੂੰ ਪ੍ਰਮਾਤਮਾ ਦੀ ਯਾਦ ਵਿੱਚ ਇਕਾਗਰ-ਚਿੱਤ ਕਰਨ ਲਈ ਕਿਹਾ। ਸਰਬ-ਲੋਹ ਦੇ ਬਾਟੇ ਪਾਸ

ਇਕ ਘੁਟਨੇ ਉਪਰ ਟੇਕ ਰਖਦੇ ਹੋਏ, ਗੁਰੂ ਜੀ ਨੇ ਬਾਟੇ ਵਿੱਚਲੇ ਜਲ ਵਿੱਚ ਦੋ-ਧਾਰਾ ਖੰਡਾ ਫੇਰਨਾ ਸ਼ੁਰੂ ਕੀਤਾ ਅਤੇ ਨਾਲ ਨਾਲ ਪ੍ਰਮਾਤਮਾ ਦਾ ਗੁਣ-ਗਾਇਨ ਕਰਦੇ ਰਹੇ। ਫਿਰ ਗੁਰੂ ਜੀ ਨੇ ਕਿਹਾ: 'ਇਸ ਬਾਟੇ ਵਿੱਚ ਮੈਂ 'ਅੰਮ੍ਰਿਤ' ਤਿਆਰ ਕੀਤਾ ਹੈ। ਇਸ ਨਾਲ ਮੈਂ ਆਪਣੇ 'ਪੰਜ ਪਿਆਰਿਆਂ' ਨੂੰ 'ਅੰਮ੍ਰਿਤ' ਛਕਾਵਾਂਗਾ। ਬਾਅਦ ਵਿੱਚ ਮੈਂ ਹੋਰਨਾਂ ਨੂੰ ਵੀ 'ਅੰਮ੍ਰਿਤ' ਛਕਾਵਾਂਗਾ। ਪਰ ਅੱਗੇ ਜਾਣ ਤੋਂ ਪਹਿਲਾਂ ਮੈਂ ਤੁਹਾਨੂੰ ਦਿਖਾਵਾਂਗਾ ਕਿ 'ਅੰਮ੍ਰਿਤ' ਵਿੱਚ ਕੀ ਅਦਭੁੱਤ ਸ਼ਕਤੀਆਂ ਹਨ'। ਕਿਹਾ ਗਿਆ ਹੈ ਕਿ ਇਤਨਾ ਕਹਿਣ ਤੋਂ ਬਾਅਦ ਗੁਰੂ ਜੀ ਨੇ 'ਅੰਮ੍ਰਿਤ' ਦਾ ਕੁਝ ਹਿੱਸਾ ਬਾਹਰ ਪੰਛੀਆਂ ਅੱਗੇ ਪੀਣ ਲਈ ਰਖਿਆ। ਉਸੇ ਵੇਲੇ ਉਥੇ ਦੋ ਚਿੜੀਆਂ ਆਈਆਂ ਅਤੇ ਅੰਮ੍ਰਿਤ ਨਾਲ ਆਪਣੀਆਂ ਚੁੰਝਾਂ ਭਰ ਲਈਆਂ। ਜਦ ਉਹ ਕੁਝ ਦੂਰ ਉਡ ਕੇ ਗਈਆਂ, ਉਹ ਬੜੇ ਜ਼ੋਰ ਨਾਲ ਲੜਨ ਲਗੀਆਂ, ਜਿਵੇਂ ਕੋਈ ਦੋ ਰਾਜੇ ਆਪਣੇ ਰਾਜ-ਭਾਗ ਲਈ ਲੜ ਰਹੇ ਹੋਣ ।

ਫਿਰ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ: 'ਤੁਸਾਂ ਦੇਖ ਲਿਆ ਹੈ ਕਿ 'ਅੰਮ੍ਰਿਤ' ਵਿੱਚ ਕੀ ਅਦਭੁੱਤ ਸ਼ਕਤੀ ਹੈ! ਜੋ ਕੋਈ ਵੀ 'ਅੰਮ੍ਰਿਤ' ਛਕੇਗਾ, ਉਸਦੇ ਅੰਦਰ ਚਿੜੀਆਂ ਵਾਂਗੂੰ ਹੀ ਸ਼ਕਤੀ ਉੱਤਪਨ ਹੋ ਜਾਵੇਗੀ। ਉਹ ਪੂਰੀ ਤਰ੍ਹਾਂ ਨਿਰਭੈ, ਸ਼ਕਤੀਸ਼ਾਲੀ ਅਤੇ ਬਹਾਦਰ ਬਣ ਜਾਵੇਗਾ'।

ਇਕ ਸਿੱਖ ਗੁਰੂ ਜੀ ਦੀ ਪਤਨੀ ਮਾਤਾ ਜੀਤੋ ਜੀ ਕੋਲ ਗਿਆ। ਉਸਨੇ ਮਾਤਾ ਜੀ ਨੂੰ 'ਅੰਮ੍ਰਿਤ' ਬਾਰੇ ਦਸਿਆ ਜਿਹੜਾ ਗੁਰੂ ਜੀ ਨੇ ਤਿਆਰ ਕੀਤਾ ਸੀ। ਉਸਨੇ ਦੋ ਚਿੜੀਆਂ ਦੀ ਵਾਰਤਾ ਬਾਰੇ ਵੀ ਦਸਿਆ। ਇਹ ਸੁਣਕੇ ਮਾਤਾ ਜੀ ਨੇ ਆਪਣੇ ਆਪ ਨੂੰ ਕਿਹਾ: 'ਮੈਂ ਚੱਲਾਂ ਅਤੇ 'ਅੰਮ੍ਰਿਤ' ਵਿੱਚ ਮਿਠਾਸ ਘੋਲ ਦਿਆਂ। ਇਸਤਰ੍ਹਾਂ 'ਅੰਮ੍ਰਿਤ' ਪੀਣ ਵਾਲਿਆਂ ਵਿੱਚ 'ਮਿੱਠਤ' ਦੀ ਭਾਵਨਾ ਆ ਜਾਏਗੀ'। ਮਾਤਾ ਜੀ ਨੇ ਕੁਝ ਪਤਾਸ਼ੇ ਲੈ ਆਂਦੇ। ਗੁਰੂ ਜੀ ਨੇ ਕਿਹਾ: 'ਤੁਸੀਂ ਭੜੇ ਸਹੀ ਵਕਤ ਤੇ ਆਏ ਹੋ! ਤੁਸੀਂ ਜੋ ਕੁਝ ਲੈ ਕੇ ਆਏ ਹੋ, ਉਹ ਬਹੁਤ ਲਾਹੇਵੰਦ ਰਹੇਗਾ। ਮੈਂ ਆਪਣੇ ਸਿੱਖਾਂ ਨੂੰ 'ਸਿੰਘਾਂ' ਵਿੱਚ ਬਦਲ ਦਿਆਂਗਾ। ਮੇਰੇ ਤਿਆਰ ਕੀਤੇ 'ਅੰਮ੍ਰਿਤ' ਨਾਲ ਉਹ ਨਿਰਭੈ, ਬਹਾਦਰ, ਸ਼ਕਤੀਸ਼ਾਲੀ ਅਤੇ ਨਿਡਰ ਬਣ ਜਾਣਗੇ। ਇਹ ਗੁਣ ਜ਼ਰੂਰੀ ਹਨ ਅਤੇ ਤੁਰੰਤ ਲੋੜੀਂਦੇ ਹਨ। ਆਉਣ ਵਾਲੇ ਸਮੇਂ ਵਿੱਚ ਇਹਨਾਂ ਦੀ ਜ਼ਰੂਰਤ ਹੋਰ ਵਧ ਜਾਏਗੀ। ਪਰ ਇਹ ਗੁਣ ਕਿਸੇ ਅਰਥ ਨਹੀਂ ਜੇ ਸੁਭਾਉ ਵਿੱਚ ਮਿਠਾਸ ਅਤੇ ਅਮਨ-ਸ਼ਾਂਤੀ ਦੀ ਭਾਵਨਾ ਨਾ ਹੋਵੇ। ਤੁਹਾਡੇ ਲਿਆਂਦੇ ਪਤਾਸ਼ੇ ਇਸ ਗੁਣ ਦੇ ਪ੍ਰੇਰਕ ਹੋਣਗੇ। ਇਹਨਾਂ ਪਤਾਸ਼ਿਆਂ ਨੂੰ 'ਅੰਮ੍ਰਿਤ' ਜਲ ਵਿੱਚ ਪਾ ਦਿਓ। ਜਿਹੜੇ ਇਸਨੂੰ ਛਕਣਗੇ, ਉਹ ਸ਼ੇਰਾਂ ਦੀ ਤਰ੍ਹਾਂ ਬਹਾਦਰ, ਤਾਕਤਵਰ ਅਤੇ ਨਿਰਭੈ ਹੋਣਗੇ ਅਤੇ ਨਾਲ ਹੀ ਦੈਵੀ ਨਿਮਰਤਾ ਦੇ ਧਾਰਣੀ ਹੋਣਗੇ'।

ਮਾਤਾ ਜੀ ਨੇ ਪਤਾਸ਼ੇ 'ਅੰਮ੍ਰਿਤ' ਵਿੱਚ ਪਾ ਦਿਤੇ ਜੋ ਗੁਰੂ ਜੀ ਨੇ ਤਿਆਰ ਕੀਤਾ ਸੀ। ਖੰਡਾ ਚਲਾਉਣ ਨਾਲ ਉਹ ਪਤਾਸੇ ਜਲ ਵਿੱਚ ਘੁਲ ਗਏ, ਅਤੇ 'ਅੰਮ੍ਰਿਤ' ਵਾਲੇ ਬਾਟੇ ਨੂੰ ਹੱਥਾ ਵਿੱਚ ਲੈ ਕੇ ਗੁਰੂ ਜੀ ਖੜੇ ਹੋ ਗਏ। ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਬਹਾਦਰੀ ਚਿੰਨ੍ਹ ਅਰਪਣ ਵੇਲੇ ਯੋਧਿਆਂ ਦੀ ਤਰ੍ਹਾਂ ਘੁਟਨੇ ਟੇਕ ਕੇ ਬੈਠਣ ਲਈ ਕਿਹਾ। ਗੁਰੂ ਜੀ ਨੇ ਉਹਨਾਂ ਨੂੰ ਆਪਣੀਆਂ ਅੱਖਾਂ ਵਿੱਚ ਇਕ-ਟੱਕ ਦੇਖਣ ਲਈ ਕਿਹਾ। ਗੁਰੂ ਜੀ ਨੇ ਵੀ ਹਰੇਕ ਦੀਆਂ ਅੱਖਾਂ ਵਿੱਚ ਇਕ-ਤੱਕਣੀ ਨਾਲ ਦੇਖਿਆ। ਨਾਲ ਹੀ, ਉਹਨਾਂ 'ਪੰਜ ਪਿਆਰਿਆਂ' ਦੇ ਚੇਹਰਿਆਂ ਤੇ ਪੰਜ ਪੰਜ ਵਾਰ ਅੰਮ੍ਰਿਤ ਛਿੜਕਦੇ ਗਏ, ਅਤੇ ਹਰ ਵਾਰੀ ਹਰੇਕ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਕਹਿੰਦੇ-ਕਹਾਉਂਦੇ ਗਏ। ਫਿਰ ਗੁਰੂ ਜੀ ਨੇ ਹਰੇਕ 'ਪਿਆਰੇ' ਦੇ ਕੇਸਾਂ ਅਤੇ ਅੱਖਾਂ ਵਿੱਚ ਵੀ ਪੰਜ ਪੰਜ ਵਾਰ ਅੰਮ੍ਰਿਤ ਦਾ ਛਿੜਕਾਅ ਕੀਤਾ ਅਤੇ ਉਹਨਾਂ ਵਿੱਚੋਂ ਇਕ ਨੂੰ ਅੰਮ੍ਰਿਤ ਦਾ ਬਾਟਾ ਹੱਥਾਂ ਵਿੱਚ ਪਕੜਨ ਲਈ ਕਿਹਾ: 'ਇਸ ਸਰਬਲੋਹ ਦੇ ਬਾਟੇ ਨੂੰ ਦੋਨੋ ਹੱਥਾਂ ਵਿੱਚ ਪਕੜੋ, ਅਤੇ ਇਸ ਵਿੱਚੋਂ ਕੁਝ ਅੰਮ੍ਰਿਤ

ਛਕੋ। ਫਿਰ ਇਹ ਬਾਟਾ ਅਗਲੇ ਸਿੰਘ ਨੂੰ ਫੜਾ ਦਿਓ। ਇਸਤਰ੍ਹਾਂ ਇਹ ਬਾਟਾ ਅੱਗੇ ਤੋਂ ਅੱਗੇ ਚਲਦਾ ਰਹੇ ਜਦ ਤੱਕ ਕਿ ਸਾਰਾ ਅੰਮ੍ਰਿਤ ਪੀਤਾ ਜਾਵੇ'।

ਇਹਨਾਂ ਪੰਜ ਪਿਆਰਿਆਂ ਦਾ ਸੰਬੰਧ ਵੱਖ ਵੱਖ ਜਾਤਾਂ ਜਾਂ ਕਿੱਤਿਆਂ ਨਾਲ ਸੀ। ਉਹਨਾਂ ਵਿੱਚੋਂ ਇਕ ਜਣਾ ਕਹਿਣ ਨੂੰ ਉਚ-ਜਾਤੀ ਦਾ ਖਤਰੀ ਸੀ। ਬਾਕੀ ਦੇ ਚਾਰੇ ਕਹਿਣ ਨੂੰ ਨੀਵੀ ਜਾਤੀ ਦੇ ਸਨ। ਇਕ ਜਾਟ ਸੀ; ਦੂਜਾ ਧੋਬੀ-ਛੀਂਬਾ, ਇਕ ਪਾਣੀ ਭਰਨ ਵਾਲਾ ਅਤੇ ਇਕ ਹੋਰ ਨਾਈ ਜਾਤੀ ਦਾ ਸੀ।

ਫਿਰ ਗੁਰੂ ਜੀ ਨੇ ਕਿਹਾ: 'ਜਿਹੜੇ ਅੰਮ੍ਰਿਤ ਛਕਣਗੇ, ਉਹ ਮੇਰੇ ਸ਼ੇਰ ਕਹਾਉਣਗੇ। ਮੈਂ ਉਹਨਾਂ ਨੂੰ 'ਸਿੰਘ' ਦਾ ਨਾਮ ਦਿੰਦਾ ਹਾਂ। ਗੁਰੂ ਜੀ ਨੇ ਪੰਜ ਪਿਆਰਿਆਂ ਦੇ ਨਾਮ ਬਦਲ ਦਿੱਤੇ:

- ਦਯਾ ਰਾਮ ਤੋਂ ਦਯਾ ਸਿੰਘ।
- ਧਰਮ ਦਾਸ ਤੋਂ ਧਰਮ ਸਿੰਘ।
- ਹਿੰਮਤ ਰਾਏ ਤੋਂ ਹਿੰਮਤ ਸਿੰਘ।
- ਮੁਹਕਮ ਚੰਦ ਤੋਂ ਮੁਹਕਮ ਸਿੰਘ।
- ਸਾਹਿਬ ਚੰਦ ਤੋਂ ਸਾਹਿਬ ਸਿੰਘ।

ਗੁਰੂ ਜੀ ਨੇ ਆਪਣੇ ਪਿਆਰਿਆਂ ਨੂੰ ਆਪਣੇ ਨਾਮ ਨਾਲ ਕੋਈ ਜਾਤ-ਪਾਤ ਦੀ ਬਜਾਏ 'ਸਿੰਘ / ਕੌਰ' ਲਗਾਉਣ ਲਈ ਕਿਹਾ। ਉਹਨਾਂ ਨੂੰ ਹੇਠ ਲਿਖੇ ਪੰਜ ਕੱਕਾਰ ਪਹਿਨਣ ਲਈ ਵੀ ਕਿਹਾ, ਜਿਹਨਾਂ ਦੇ ਨਾਮ ਪੰਜਾਬੀ ਦੇ 'ਕੱਕਾ' ਸ਼ਬਦ ਨਾਲ ਸ਼ੁਰੂ ਹੁੰਦੇ ਹਨ। ਇਹ ਹਨ:

- ਕੇਸ (ਬਿਨਾਂ ਕੱਟਿਆਂ ਵਾਲ)
- ਕੰਘਾ (ਕੇਸ ਵਾਹੁਣ ਲਈ)
- ਕਿਰਪਾਨ (ਇਕ ਤਲਵਾਰ)
- ਕਛਹਿਰਾ (ਲੰਬੀ ਕੱਛ)
- ਕੜਾ (ਲੋਹੇ ਦਾ)

ਗੁਰੂ ਜੀ ਨੇ ਇਸ ਤੋਂ ਅੱਗੇ ਸਿੰਘਾਂ ਨੂੰ ਸ਼ਸਤਰ ਧਾਰਣ ਅਤੇ ਸਿਖਲਾਈ ਲਈ ਵੀ ਕਿਹਾ ਅਤੇ ਆਪਣੇ ਧਰਮ ਅਤੇ ਨਿਯਮਾਂ ਦੀ ਪਾਲਣਾ ਲਈ ਉਹਨਾਂ ਸ਼ਸਤਰਾਂ ਦੀ ਵਰਤੋਂ ਕਰਨ ਲਈ ਹਰ ਵੇਲੇ ਤਿਆਰ-ਬਰਤਿਆਰ ਰਹਿਣ ਲਈ ਕਿਹਾ। 'ਜੰਗੇ-ਮੈਦਾਨ ਵਿੱਚ ਦੁਸ਼ਮਣ ਨੂੰ ਕਦੇ ਵੀ ਪਿੱਠ ਨਹੀਂ ਦਿਖਾਉਣੀ। ਗੁਰੂ ਨਾਨਕ ਦੇਵ ਜੀ ਦੇ ਦੱਸੇ ਤਿੰਨ ਸੁਨਹਿਰੀ ਨਿਯਮਾਂ ਦੀ ਪਾਲਣਾ ਅਨੁਸਾਰ ਜੀਵਨ ਬਸਰ ਕਰਨਾ। ਗਰੀਬਾਂ ਦੀ ਹਰ ਵੇਲੇ ਮਦਦ ਕਰਨਾ, ਜਿਹੜੇ ਕਿਸੇ ਵੇਲੇ ਵੀ ਰਖਿਆ ਜਾਂ ਰਹਿਮਤ ਦੀ ਅਰਜੋਈ ਕਰਨ। ਉਹਨਾਂ ਨੂੰ ਆਪਣੀ ਪਹਿਲੀ ਜਾਤ ਭੁਲਾ ਕੇ ਤਿਆਗ ਦੇਣੀ ਚਾਹੀਦੀ ਹੈ। ਉਹ ਸਾਰੇ ਹੁਣ ਇਕ 'ਖਾਲਸਾ' ਬਰਾਦਰੀ ਦੇ ਪੈਰੋਕਾਰ ਹਨ। ਉਹਨਾਂ ਨੇ ਕੋਈ ਵੀ ਨਸ਼ਾ ਜਾਂ ਤੰਬਾਕੂ ਸੇਵਨ ਨਹੀਂ ਕਰਨਾ ਹੋਵੇਗਾ। ਹਲਾਲ ਦਾ ਮਾਸ (ਮੁਸਲਿਮ ਤਰੀਕੇ ਨਾਲ ਤਿਆਰ ਕੀਤਾ ਹੋਇਆ) ਨਹੀਂ ਖਾਣਾ ਹੋਵੇਗਾ। ਆਪਣੇ ਦੰਪਤੀ ਜੀਵਨ ਸਾਥੀ ਤੋਂ ਇਲਾਵਾ ਕਿਸੇ ਹੋਰ ਨਾਲ ਸਰੀਰਕ ਸਬੰਧ ਨਹੀਂ ਬਨਾਉਣੇ ਹੋਣਗੇ'।

'ਬੁੱਤ ਜਾਂ ਮੜ੍ਹੀ-ਮਸਾਣਾਂ ਦੀ ਪੂਜਾ ਨਹੀਂ ਕਰਨੀ ਹੋਵੇਗੀ। ਦੇਵੀ ਦੇਵਤਿਆਂ ਦੀ ਪੂਜਾ ਨਹੀਂ ਕਰਨੀ ਹੋਵੇਗੀ। ਇੱਕ ਅਤੇ ਸਿਰਫ਼ ਇੱਕ ਅਕਾਲ ਪੁਰਖ ਪ੍ਰਮਾਤਮਾ ਦੇ ਵਿਸ਼ਵਾਸ ਵਿੱਚ ਪੂਜਾ ਕਰਨੀ ਹੋਵੇਗੀ। ਸਵੇਰੇ ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲਾਂ ਜਾਗਣਾ, ਇਸ਼ਨਾਨ ਕਰਨਾ ਅਤੇ ਨਿਤਨੇਮ ਦੀਆਂ ਬਾਣੀਆ ਦਾ ਪਾਠ ਕਰਨਾ ਅਤੇ ਸਿਮਰਨ ਕਰਨਾ ਹੋਵੇਗਾ। ਹਮੇਸ਼ਾ ਈਮਾਨਦਾਰੀ ਅਤੇ ਸਚਾਈ ਦੀ ਪਾਲਣਾ ਕਰਨੀ ਹੋਵੇਗੀ। ਧਾਰਮਿਕ ਅਤੇ ਲੋਕ-ਭਲਾਈ ਕਾਰਜਾਂ ਲਈ ਆਪਣੀ ਕਮਾਈ ਵਿੱਚੋਂ ਦਸਵੰਧ ਕਢਣਾ ਹੋਵੇਗਾ'। ਇਹ ਸਾਰੀਆਂ ਹਦਾਇਤਾਂ ਉਹੀ ਸਨ ਜੋ ਗੁਰੂ ਨਾਨਕ ਦੇਵ ਜੀ ਅਤੇ ਦੂਜੇ ਗੁਰੂਆਂ ਦੀਆਂ ਸਿਖਿਆਵਾਂ ਸਨ ਅਤੇ ਉਹਨਾਂ ਨੇ ਪਹਿਲੀਆ ਦੋ ਸਦੀਆਂ ਦੌਰਾਨ ਪਾਲਣਾ ਕੀਤੀ ਸੀ।

ਗੁਰੂ ਜੀ ਨੇ ਫਿਰ ਆਪ ਪੰਜ ਪਿਆਰਿਆਂ ਪਾਸੋਂ, ਜਿਹਨਾਂ ਨੂੰ ਹੁਣ ਖਾਲਸਾ ਅਧਿਕਾਰ ਦੀ ਬਖ਼ਸ਼ਸ਼ ਹੋ ਗਈ ਸੀ, ਪਾਹੁਲ ਦੀ ਦਾਤ ਹਾਸਲ ਕੀਤੀ, ਅਤੇ ਆਪਣਾ ਨਾਮ ਬਦਲ ਕੇ ਗੋਬਿੰਦ ਰਾਏ ਤੋਂ **ਗੋਬਿੰਦ ਸਿੰਘ** ਸੱਜ ਗਏ। ਇਸ ਕਾਰਜ ਦੀ ਉਸਤਤੀ ਵਿੱਚ ਕਿਹਾ ਜਾਂਦਾ ਹੈ: 'ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਆਪੇ ਚੇਲਾ'।

ਫਿਰ ਗੁਰੂ ਜੀ ਨੇ ਹੋਰਨਾਂ ਨੂੰ ਅੰਮ੍ਰਿਤ ਛਕਣ ਦਾ ਸੱਦਾ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਉਸ ਦਿਨ ਅੰਮ੍ਰਿਤ ਛਕਾਇਆ ਗਿਆ। ਅੰਮ੍ਰਿਤ ਛਕਾਉਣ ਦਾ ਸਮਾਗਮ ਕਈ ਦਿਨ ਚਲਦਾ ਰਿਹਾ।

ਇਸਤਰ੍ਹਾਂ ਸੰਤ-ਸਿਪਾਹੀ ਕੌਮ 'ਖਾਲਸਾ' ਦਾ ਜਨਮ ਹੋਇਆ ਜੋ ਇਕ ਨਿਰੰਕਾਰ ਦੀ ਪੂਜਾ ਕਰਦੇ ਹਨ, ਮਨੁੱਖਤਾ ਦੇ ਭਾਈ-ਬੰਧੂ ਹਨ ਅਤੇ ਜ਼ੁਲਮ ਦੇ ਕੱਟੜ ਵੈਰੀ ਹਨ। 'ਖਾਲਸਾ' ਇਕ ਐਸੀ ਭਰਾਤਰੀ-ਭਾਵ ਵਾਲੀ ਬਰਾਦਰੀ ਹੈ ਜਿਸ ਵਿੱਚ ਸਾਰੇ ਇਕ ਬਰਾਬਰ ਹਨ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ-ਸੇਵਕਾਂ ਨੂੰ ਸਿਖਿਆ ਦਿਤੀ ਸੀ ਅਤੇ ਇਕ ਨਵੇਂ 'ਸਿੱਖ ਧਰਮ' ਦੀ ਸਥਾਪਨਾ ਕੀਤੀ ਸੀ।

******************

# ੧੧. ਪਹਾੜੀ ਰਾਜਿਆਂ ਦਾ ਹਮਲਾ

**੧੭੦੦-੦੪** *(ਉਮਰ ੩੪-੩੮)*: 'ਖਾਲਸਾ' ਦੀ ਸਿਰਜਨਾ ਨਾਲ, ਇਸਦੀ ਗਿਣਤੀ ਅਤੇ ਸ਼ਕਤੀ ਦੀਆਂ ਰੀਪੋਰਟਾਂ ਦਿਨੋ-ਦਿਨ ਵਧ ਰਹੀਆਂ ਸਨ ਅਤੇ ਸ਼ਿਵਾਲਕ ਪਹਾੜੀਆਂ ਦੇ ਰਾਜਪੂਤ ਮੁਖੀਆਂ ਕੋਲ ਲਗਾਤਾਰ ਪਹੁੰਚ ਰਹੀਆਂ ਸਨ। ਅਜਿਹੀਆਂ ਰੀਪੋਰਟਾਂ ਜਾਤ-ਪ੍ਰਸਤ ਪਹਾੜੀ ਮੁਖੀਆਂ ਨੂੰ ਚੌਕਸ ਕਰ ਰਹੀਆਂ ਸਨ। ਉਹਨਾਂ ਨੇ ਗੁਰੂ ਜੀ ਨੂੰ ਦੁਸ਼ਮਣ ਅਤੇ ਉਹਨਾਂ ਦੇ ਵਿਸ਼ਵਾਸਾਂ ਨੂੰ ਆਪਣੀ ਜੀਵਨ-ਧਾਰਾ ਦੇ ਵਿਰੋਧੀ ਸਮਝਣਾ ਸ਼ੁਰੂ ਕਰ ਦਿੱਤਾ। ਉਹ ਗੁਰੂ ਜੀ ਨੂੰ ਪਹਾੜੀ ਕਿਲੇ ਵਿੱਚੋਂ ਕੱਢਣਾ ਚਾਹੁੰਦੇ ਸਨ। ਉਹ ਸਾਰੇ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਦੀ ਅਗਵਾਈ ਹੇਠ ਇਕੱਠੇ ਹੋਏ। ਉਹਨਾਂ ਨੇ 'ਖਾਲਸਾ' ਦੀ ਸਿਰਜਨਾ ਅਧੀਨ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਇਸਨੂੰ ਪੂਰੀ ਤਰ੍ਹਾਂ ਖਤਮ ਕਰ ਦੇਣ ਲਈ ਵਿੱਚਾਰ ਕੀਤੇ। ਉਹਨਾਂ ਨੇ ਗੁਰੂ ਜੀ ਨੂੰ ਮਿਲਕੇ ਓਹਨਾਂ ਨੂੰ ਫ਼ੌਜ ਨਾ ਬਨਾਉਣ ਦੀ ਅਪੀਲ ਕਰਨ ਦਾ ਫ਼ੈਸਲਾ ਕੀਤਾ। ਇਨਕਾਰ ਕਰਨ ਦੀ ਸੂਰਤ ਵਿੱਚ, ਉਹ ਅਗਲਾ ਕਦਮ ਉਠਾਉਣਗੇ।

ਪਹਾੜੀ ਮੁਖੀਆਂ ਦਾ ਇਕ ਵਫ਼ਦ (ਡੈਪੁਟੇਸ਼ਨ) ਗੁਰੂ ਜੀ ਨੂੰ ਮਿਲਣ ਲਈ ਅਨੰਦਪੁਰ ਗਿਆ। ਰਾਜਾ ਅਜਮੇਰ ਚੰਦ ਉਸ ਵਫ਼ਦ ਦੀ ਅਗਵਾਈ ਕਰ ਰਿਹਾ ਸੀ। ਗੁਰੂ ਜੀ ਉਹਨਾਂ ਨੂੰ ਸਤਿਕਾਰ ਨਾਲ ਮਿਲੇ। ਗੁਰੂ ਜੀ ਨੇ ਰਾਜਿਆਂ ਨੂੰ ਆਪਣੇ ਦਰਬਾਰ ਵਿੱਚ ਬੈਠਾਇਆ ਅਤੇ ਰਾਜਾ ਅਜਮੇਰ ਚੰਦ ਨੂੰ ਸਚਾਈ ਦਾ ਸਾਥ ਦੇਣ ਦੀ ਦਲੀਲ ਕੀਤੀ। ਗੁਰੂ ਜੀ ਨੇ ਰਾਜੇ ਨੂੰ ਆਪਣੇ ਸ਼ਾਹੀ ਅਤੀਤ ਨੂੰ ਯਾਦ ਕਰਨ ਲਈ ਅਤੇ ਮੁਗ਼ਲਾਂ ਦੇ ਗ਼ੁਲਾਮ ਵਜੋਂ ਨਾ ਬਣ ਕੇ ਰਹਿਣ ਲਈ ਕਿਹਾ ਅਤੇ ਰਾਜਿਆਂ ਨੂੰ ਆਪਣੇ ਪੂਰਵਜਾਂ ਦੀ ਸ਼ਾਹਾਨਾ ਸ਼ਕਤੀਸ਼ਾਲੀ ਹੈਸੀਅਤ ਨੂੰ ਭੁਲਾ ਕੇ ਕਾਇਰ ਬਣਨ ਤੋਂ ਰੋਕਿਆ। ਅਜਿਹਾ ਵਿਵਹਾਰ ਕਰਨਾ ਅਤੇ ਸੋਚਣਾ ਵੀ ਬੁਜ਼ਦਿਲੀ ਹੈ। ਗੁਰੂ ਜੀ ਨੇ ਉਹਨਾਂ ਨੂੰ 'ਅੰਮ੍ਰਿਤ' ਛਕ ਕੇ, ਖਾਲਸਾ ਬਣ ਕੇ ਅਤੇ ਸੰਤ-ਸਿਪਾਹੀ ਬਣ ਕੇ ਨਿਰਭੈ ਜੀਵਨ ਜੀਉਣ ਲਈ ਕਿਹਾ। 'ਅੰਮ੍ਰਿਤ' ਛਕਣ ਨਾਲ ਉਹਨਾਂ ਅੰਦਰ ਇਕ ਨਵਾਂ ਜੀਵਨ ਉਤਪਨ ਹੋਵੇਗਾ ਅਤੇ ਉਹ ਗਿੱਦੜਾਂ ਤੋਂ ਸ਼ੇਰ ਬਣ ਜਾਣਗੇ। ਸਾਰੇ ਸਿੰਘ ਰਲ ਕੇ ਜ਼ਾਲਮ ਪਠਾਣਾਂ ਅਤੇ ਮੁਗ਼ਲਾਂ ਨੂੰ ਖਤਮ ਕਰ ਦੇਣਗੇ। ਗੁਰੂ ਜੀ ਨੇ ਉਹਨਾਂ ਨੂੰ ਮਾਨਵ-ਏਕਤਾ ਅਤੇ ਪੂਜਾ ਦੀ ਆਜ਼ਾਦੀ ਦੇ ਪੈਰੋਕਾਰ ਬਣਨ ਲਈ ਪ੍ਰੇਰਤ ਕੀਤਾ।

ਪਰ ਰਾਜੇ ਮੁਗ਼ਲਾਂ ਦੀ ਸ਼ਕਤੀ ਤੋਂ ਘਬਰਾਉਂਦੇ ਸਨ। ਉਹਨਾਂ ਨੇ ਮੁਗ਼ਲ ਸ਼ਹਿਨਸ਼ਾਹ ਔਰੰਗਜ਼ੇਬ ਦੀ ਤਰਫ਼ਦਾਰੀ ਕਰਕੇ ਗੁਰੂ ਜੀ ਨਾਲ ਲੜਾਈ ਕਰਨ ਦਾ ਫ਼ੈਸਲਾ ਕੀਤਾ।

**੧੭੦੫** *(ਉਮਰ ੩੯ ਸਾਲ)*: ਪਹਾੜੀ ਰਾਜਿਆਂ ਨੇ ਅਨੰਦਪੁਰ ਤੇ ਹਮਲਾ ਕਰ ਦਿੱਤਾ। ਪਰ ਉਹਨਾਂ ਦੀਆਂ ਸਮੂਹ ਫ਼ੌਜਾਂ ਗੁਰੂ ਜੀ ਦੇ ਸਿੰਘਾਂ ਨੂੰ ਹਰਾ ਨਾ ਸਕੀਆਂ। ਸਿੰਘ ਕਿਲੇ ਦੇ ਅੰਦਰੋਂ ਹੀ ਬੜੀ ਕਲਾਬਾਜ਼ੀਆਂ ਨਾਲ ਲੜਦੇ ਰਹੇ। ਆਪਣੀ ਯੋਜਨਾ ਅਨੁਸਾਰ ਲੜਦਿਆਂ ਰਾਜਿਆਂ ਨੂੰ ਜਿੱਤ ਦਿਖਾਈ ਨਾ ਦਿਤੀ। ਪਹਾੜੀ ਰਾਜੇ ਅਨੰਦਪੁਰ ਨੂੰ ਘੇਰਾ ਪਾ ਕੇ ਉਡੀਕ ਕਰਨ ਲੱਗੇ। ਉਹਨਾਂ ਨੇ ਅਨੰਦਪੁਰ ਦੇ ਸ਼ਹਿਰ ਅੰਦਰ ਦੋ ਮਹੀਨੇ ਲਈ ਕਿਸੇ ਤਰ੍ਹਾਂ ਦੀ ਵੀ ਰਸਦ ਸਪਲਾਈ ਨੂੰ ਰੋਕੀ ਰਖਿਆ, ਪਰ ਸਿੰਘਾਂ ਨੇ ਹਾਰ ਨਾ ਮੰਨੀ।

ਆਖਰਕਾਰ, ਰਾਜਾ ਅਜਮੇਰ ਚੰਦ ਨੇ ਸਾਰੇ ਮੁੱਖੀਆਂ ਨੂੰ ਇਕ ਲਾਚਾਰ ਸਲਾਹ ਦਿੱਤੀ। ਉਸਦੀ ਸਲਾਹ ਸੀ ਕਿ ਇਕ ਹਾਥੀ ਦੇ ਮੱਥੇ ਤੇ ਲੋਹੇ ਦੀਆਂ ਪਲੇਟਾਂ ਅਤੇ ਸ਼ੀਲਡਾਂ ਬੰਨ੍ਹ ਕੇ ਸ਼ਰਾਬ ਨਾਲ ਮਦਹੋਸ਼ ਕੀਤਾ ਜਾਵੇ। ਉਹ ਹਾਥੀ ਲੋਹਗੜ੍ਹ ਦੇ ਕਿਲੇ ਦੇ ਗੇਟ ਨੂੰ ਤੋੜ ਕੇ ਕਿਲਾ ਖੋਹਲ ਦੇਵੇਗਾ ਅਤੇ ਇਸਤਰ੍ਹਾਂ, ਜੇ ਹੋ ਸਕਿਆ, ਤਾਂ ਗੁਰੂ ਜੀ ਨੂੰ ਕਾਬੂ ਕਰ ਲਵਾਂਗੇ।

ਇਕ ਸੂਹੀਏ ਨੇ ਅਜਮੇਰ ਚੰਦ ਦੀ ਇਸ ਯੋਜਨਾ ਬਾਰੇ ਗੁਰੂ ਜੀ ਨੂੰ ਜਾ ਦਸਿਆ। ਗੁਰੂ ਜੀ ਨੇ ਕਿਹਾ ਕਿ 'ਸਾਡੇ ਕੋਲ ਵੀ ਕਿਲੇ ਵਿੱਚ ਇਕ ਹਾਥੀ ਹੈ ਜਿਹੜਾ ਅਜਮੇਰ ਚੰਦ ਦੇ ਹਾਥੀ ਨੂੰ ਹਰਾ ਸਕਦਾ ਹੈ'। ਦੁਨੀ ਚੰਦ ਨੇੜੇ ਹੀ ਖੜਾ ਸੀ। ਉਸਨੇ ਸੋਚਿਆ ਕਿ ਗੁਰੂ ਜੀ ਸ਼ਾਇਦ ਉਸ ਬਾਰੇ ਸੋਚ ਰਹੇ ਹੋਣਗੇ। ਉਹ ਅਜਿਹੇ ਹਾਥੀ ਦਾ ਮੁਕਾਬਲਾ ਕਰਨ ਤੋਂ ਡਰ ਗਿਆ। ਰਾਤ ਵੇਲੇ ਕਿਲੇ ਦੀ ਦੀਵਾਰ ਤੋਂ ਹਨੇਰੇ ਵਿੱਚ ਛਾਲ ਮਾਰ ਕੇ ਬਚਣ ਲਈ ਭੱਜਣ ਵੇਲੇ ਉਹ ਡਿੱਗ ਪਿਆ ਅਤੇ ਲੱਤ ਤੁੜਾ ਬੈਠਾ, ਪਰ ਘਸੀਟਦਾ ਹੋਇਆ ਅੰਮ੍ਰਿਤਸਰ ਆਪਣੇ ਘਰ ਪਹੁੰਚ ਗਿਆ। ਜਦ ਲੋਕਾਂ ਨੂੰ ਪਤਾ ਲੱਗਾ ਕਿ ਉਹ ਗੁਰੂ ਜੀ ਨੂੰ ਦਗ਼ਾ ਦੇ ਕੇ ਆਇਆ ਹੈ ਤਾਂ ਸਾਰਿਆਂ ਨੇ ਉਸਨੂੰ ਸਮਾਜ ਵਿੱਚੋਂ ਛੇਕ ਦਿੱਤਾ ਅਤੇ ਉਸ ਨਾਲ ਕਿਸੇ ਨੇ ਕਦੇ ਇਕ ਸ਼ਬਦ ਵੀ ਨਾ ਬੋਲਿਆ।

ਭਾਈ ਮਨੀ ਸਿੰਘ (ਸ਼ਹੀਦ) ਦੇ ਸਪੁੱਤਰ ਭਾਈ ਬਚਿੱਤਰ ਸਿੰਘ ਨੇ ਉਸ ਮਦਹੋਸ਼ ਜੰਗਲੀ ਹਾਥੀ ਦਾ ਇਕੱਲੇ ਹੀ ਸਾਹਮਣਾ ਕਰਨ ਲਈ ਅਪਨੇ ਆਪ ਨੂੰ ਪੇਸ਼ ਕੀਤਾ। ਭਾਈ ਬਚਿੱਤਰ ਸਿੰਘ ਇਕ ਘੋੜੇ ਤੇ ਸਵਾਰ ਹੋਇਆ। ਜਦ ਕਿਲੇ ਦਾ ਦਰਵਾਜਾ ਖੁਲ੍ਹਿਆ, ਉਸਨੇ ਬੜੀ ਹੁਸ਼ਿਆਰੀ ਨਾਲ ਘੋੜੇ ਨੂੰ ਪਿਛਲੀਆਂ ਲੱਤਾਂ ਤੇ ਖੜਾ ਕਰਕੇ ਆਪਣਾ ਨਾਗਣੀ ਬਰਸ਼ਾ ਹਾਥੀ ਦੇ ਮੱਥੇ ਵਿੱਚ ਖੋਭ ਦਿੱਤਾ। ਬਰਸ਼ਾ ਲੋਹੇ ਦੀਆ ਪਲੇਟਾਂ ਵਿੱਚੋਂ ਆਰ ਪਾਰ ਹਾਥੀ ਦੇ ਸਿਰ ਵਿੱਚ ਖੁੱਭ ਗਿਆ। ਹਾਥੀ ਬਹੁਤ ਗਹਿਰੀ ਪੀੜਾ ਵਿੱਚ ਸੀ। ਉਹ ਪਿੱਛੇ ਮੁੜਕੇ ਦੌੜਿਆ। ਰਾਜਿਆਂ ਦੀ ਸਾਰੀ ਯੋਜਨਾ ਧਰੀ-ਧਰਾਈ ਰਹਿ ਗਈ। ਹਾਥੀ ਨੇ ਰਾਜਿਆਂ ਦੀਆਂ ਫ਼ੌਜਾਂ ਨੂੰ ਕੁੱਚਲ ਦਿੱਤਾ। ਹਰ ਪਾਸੇ ਹਫ਼ੜਾ-ਦਫ਼ੜੀ ਅਤੇ ਘਬਰਾਹਟ ਮੱਚ ਗਈ। ਸਿੰਘਾਂ ਨੇ ਮੌਕਾ ਸੰਭਾਲ ਲਿਆ। ਅੰਤਮ ਲੜਾਈ ਵੇਲੇ ਭਾਈ ਉਦੈ ਸਿੰਘ ਨੇ ਰਾਜਾ ਅਜਮੇਰ ਚੰਦ ਦਾ ਸਿਰ ਕਤਲ ਕਰ ਦਿੱਤਾ ਅਤੇ ਆ ਗੁਰੂ ਜੀ ਨੂੰ ਪੇਸ਼ ਕੀਤਾ। ਪਹਾੜੀ ਰਾਜੇ ਮਨੋਬਲ ਪੱਖੋਂ ਬਿਲਕੁਲ ਬੇਦਿਲ ਬੇਸਹਾਰਾ ਹੋ ਗਏ ਅਤੇ ਅਨੰਦਪੁਰ ਦੇ ਕਿਲੇ ਨੂੰ ਕਬਜ਼ੇ ਵਿੱਚ ਲੈਣ ਦੇ ਇਰਾਦੇ ਨੂੰ ਤਿਆਗ ਦਿੱਤਾ।

*******************

# ੧੨. ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੀ ਸ਼ਹੀਦੀ

**ਦਸੰਬਰ ੧੭੦੫** *(ਉਮਰ ੩੯):* ਆਖਰਕਾਰ, ਪੂਰੀ ਤਰ੍ਹਾਂ ਦਿਲਗੀਰ ਹੋਏ ਪਹਾੜੀ ਰਾਜਿਆਂ ਨੇ ਸ਼ਹਿਨਸ਼ਾਹ ਔਰੰਗਜ਼ੇਬ ਕੋਲ ਜਾ ਫਰਿਆਦ ਕੀਤੀ। ਪਹਾੜੀ ਰਾਜੇ ਅਤੇ ਮੁਗ਼ਲ ਫ਼ੌਜਾਂ ਅਨੰਦਪੁਰ ਵੱਲ ਵਧੀਆਂ ਅਤੇ ਮਈ ੧੭੦੫ ਵਿੱਚ ਕਿਲੇ ਨੂੰ ਘੇਰਾ ਪਾ ਲਿਆ। ਦੂਰ ਦੂਰ ਤੱਕ ਲਗਾਏ ਨਾਕਿਆਂ ਕਾਰਨ ਖਾਣੇ ਦੀ ਰਸਦ ਬਹੁਤ ਘਟ ਗਈ। ਸਿੱਖਾਂ ਨੇ ਅਥਾਹ ਮੁਸ਼ਕਲਾਂ ਝੱਲੀਆਂ। ਮਹੀਨਿਆਂ ਭਰ, ਗੁਰੂ ਜੀ ਅਤੇ ਉਹਨਾਂ ਦੇ ਸਿੱਖਾਂ ਨੇ ਬਾਰ ਬਾਰ ਹੁੰਦੀਆਂ ਝੜਪਾਂ ਦਾ ਹੌਂਸਲੇ ਨਾਲ ਸਾਹਮਣਾ ਕੀਤਾ। ਰਾਜਪੂਤ ਅਤੇ ਮੁਗ਼ਲ ਫ਼ੌਜਾਂ ਸਿੱਖਾਂ ਦੇ ਹੌਂਸਲੇ ਅਤੇ ਦ੍ਰਿੜਤਾ ਤੇ ਹੈਰਾਨ ਪ੍ਰੇਸ਼ਾਨ ਹੋ ਰਹੀਆਂ ਸਨ।

**੫-੬ ਦਸੰਬਰ, ੧੭੦੫**: ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਅਨੰਦਪੁਰ ਤੇ ਕਬਜ਼ਾ ਕਰਨਾ ਉਤਨੀ ਦੇਰ ਸੰਭਵ ਨਹੀਂ ਹੋ ਸਕਦਾ ਜਿਤਨੀ ਦੇਰ ਸਿੱਖ ਕਿਲੇ ਦੇ ਅੰਦਰ ਹਨ। ਗੁਰੂ ਜੀ ਨੂੰ ਕਾਬੂ ਕਰਨ ਲਈ ਉਸਨੇ ਇਕ ਧੋਖੇ ਦੀ ਚਾਲ ਬਣਾਈ। ਔਰੰਗਜ਼ੇਬ ਨੇ ਕੁਰਾਨ ਦੀ ਸੌਗੰਧ ਖਾ ਕੇ ਸਿੱਖਾਂ ਨੂੰ ਅਨੰਦਪੁਰ ਵਿੱਚੋਂ ਸੁਰੱਖਿਅਤ ਬਾਹਰ ਚਲੇ ਜਾਣ ਦਾ ਭਰੋਸਾ ਦਿੱਤਾ। ਉਸ ਸੌਗੰਧ ਤੇ ਵਿਸ਼ਵਾਸ ਕਰਦਿਆਂ ਹੋਇਆਂ, ਗੁਰੂ ਜੀ ਨੇ ੫-੬ ਦਸੰਬਰ ਦੀ ਰਾਤ ਨੂੰ ਕਿਲਾ ਛੱਡ ਦਿੱਤਾ। ਪਰ ਗੁਰੂ ਜੀ ਅਤੇ ਸਿੰਘ ਜਿਵੇਂ ਹੀ ਕਿਲੇ ਵਿੱਚੋਂ ਬਾਹਰ ਆਏ, ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਨੇ ਹਮਲਾ ਕਰ ਦਿੱਤਾ। ਅਜਿਹੀ ਹਲਚਲ ਵਿੱਚ ਬਹੁਤ ਸਾਰੇ ਸਿੱਖ ਮਾਰੇ ਗਏ ਅਤੇ ਗੁਰੂ ਜੀ ਦੀਆਂ ਨਿੱਜੀ ਵਸਤਾਂ, ਜਿਹਨਾਂ ਵਿੱਚ ਬਹੁ-ਮੁੱਲੇ ਖਰੜੇ ਵੀ ਸਨ, ਸਭ ਗੁਆਚ ਗਏ। ਗੁਰੂ ਜੀ ਆਪ ੪੦ ਕਿਲੋਮੀਟਰ ਦੂਰ ਚਮਕੌਰ ਤੋਂ ਦਖਣ-ਪੱਛਮ ਦੀ ਤਰਫ਼ ਚਲੇ ਗਏ। ਉਹਨਾਂ ਦੇ ਨਾਲ ਸਿਰਫ਼ ੪੦ ਸਿੱਖ ਅਤੇ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਸਨ। ਪਿੰਡ ਦੇ ਲੋਕਾਂ ਨੇ ਗੁਰੂ ਜੀ ਨੂੰ ਭਰਪੂਰ ਮਿਲਵਰਤਣ ਦਿੱਤਾ। ਗੁਰੂ ਜੀ ਨੇ ਰਾਤ ਵੇਲੇ ਗੜ੍ਹੀ ਨੂੰ ਹੀ ਬਖਤਰਬੰਦ ਬਣਾ ਲਿਆ, ਅਤੇ ਚਾਰੇ ਪਾਸੇ ਸਿੱਖਾਂ ਨੂੰ ਤਾਇਨਾਤ ਕਰ ਦਿੱਤਾ। ਗੁਰੂ ਜੀ ਆਪ ਛੱਤ ਤੇ ਬੈਠ ਗਏ। ਸ਼ਾਹੀ ਫ਼ੌਜਾਂ ਉਹਨਾਂ ਦਾ ਪਿੱਛਾ ਕਰਦੀਆਂ ਆ ਰਹੀਆਂ ਸਨ। ਦਿਨ ਚੜ੍ਹਨ ਤੱਕ, ਹਜ਼ਾਰਾਂ ਲੱਖਾਂ ਦੀ ਗਿਣਤੀ ਵਿੱਚ ਫ਼ੌਜਾਂ ਆ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ।

ਜਰਨੈਲਾਂ ਨੂੰ ਪਤਾ ਸੀ ਕਿ ਗੜ੍ਹੀ ਦੇ ਅੰਦਰ ਕੋਈ ਮੁੱਠੀ ਭਰ ਸਿੱਖ ਹੀ ਸਨ। ਉਹਨਾਂ ਨੇ ਸਵੇਰ-ਸਾਰ ਹੀ ਫ਼ੌਜਾਂ ਨੂੰ ਹਮਲਾ ਕਰਨ ਦਾ ਹੁਕਮ ਕੀਤਾ। ਗੜ੍ਹੀ ਦੇ ਅੰਦਰੋਂ ਇਤਨੀ ਜ਼ੋਰ ਨਾਲ ਤੀਰਾਂ ਦੀ ਬੁਛਾੜ ਸ਼ੁਰੂ ਹੋ ਗਈ ਜਿਵੇਂ ਕਿ ਅੰਦਰ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਹੋਣ। ਫ਼ੌਜਾਂ ਨੂੰ ਪਿੱਛੇ ਹਟਣਾ ਪਿਆ। ਆਖਰਕਾਰ, ਸਿੰਘਾਂ ਦੇ ਤੀਰ ਖਤਮ ਹੋਣ ਲੱਗੇ ਅਤੇ ਉਹ ਗੜ੍ਹੀ ਤੋਂ ਬਾਹਰ ਆ ਕੇ ਬੜੀ ਹੁਸ਼ਿਆਰੀ ਨਾਲ ਤਲਵਾਰਾਂ ਅਤੇ ਬਰਛਿਆਂ ਨਾਲ ਲੜਾਈ ਕਰਨ ਲੱਗੇ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ।

**ਦਸੰਬਰ ੭, ੧੭੦੫**: ੧੮ ਸਾਲਾਂ ਦਾ ਸਾਹਿਬਜ਼ਾਦਾ ਅਜੀਤ ਸਿੰਘ, ਗੁਰੂ ਜੀ ਦਾ ਵੱਡਾ ਲੜਕਾ, ਆਪਣੇ ਸਿੱਖਾਂ ਨੂੰ ਆਖਰੀ ਸਾਹਵਾਂ ਤੱਕ ਲੜਦਿਆਂ ਦੇਖ ਕੇ ਬਹੁਤ ਉਤਸ਼ਾਹਤ ਹੋਇਆ। ਉਸਨੇ ਆਪਣੇ ਸਾਥੀਆਂ ਵਾਂਗੂੰ

ਲੜਾਈ ਵਿੱਚ ਜੌਹਰ ਦਿਖਾਉਣ ਲਈ ਗੁਰੂ ਜੀ ਤੋਂ ਆਗਿਆ ਮੰਗੀ। ਗੁਰੂ ਜੀ ਨੇ ਬੜੀ ਖੁਸ਼ੀ ਨਾਲ ਦਿਲੋਂ ਆਗਿਆ ਦਿੱਤੀ ਅਤੇ ਜੰਗੇ-ਮੈਦਾਨ ਵਿੱਚ ਜਾਣ ਲਈ ਉਸਨੂੰ ਤਿਆਰ ਕੀਤਾ।ਸਾਹਿਬਜ਼ਾਦਾ ਅਜੀਤ ਸਿੰਘ ਅਤੇ ਪੰਜ ਸਿੰਘ ਗੜ੍ਹੀ ਵਿੱਚੋਂ ਬਾਹਰ ਨਿਕਲੇ। ਜਦ ਸੈਨਕਾਂ ਨੇ ਸਾਹਿਬਜ਼ਾਦੇ ਨੂੰ ਦੇਖਿਆ, ਤਾਂ ਉਹ ਵੱਡੀ ਗਿਣਤੀ ਵਿੱਚ ਉਸਨੂੰ ਕਾਬੂ ਕਰਨ ਲਈ ਉਸ ਉਪਰ ਝੜਪ ਪਏ। ਇਤਨੇ ਘਮਸਾਨ ਦੇ ਬਾਵਜੂਦ, ਸਾਹਿਬਜ਼ਾਦਾ ਅਤਿਅੰਤ ਦ੍ਰਿੜਤਾ, ਸੂਰਬੀਰਤਾ ਅਤੇ ਜੋਸ਼ ਨਾਲ ਲੜਿਆ। ਗੁਰੂ ਜੀ ਗੜ੍ਹੀ ਦੀ ਛੱਤ ਤੋਂ ਇਸ ਸਾਰੇ ਦ੍ਰਿਸ਼ ਨੂੰ ਦੇਖਦੇ ਰਹੇ, ਜਦ ਕਿ ਸਾਹਿਬਜ਼ਾਦੇ ਨੇ ਸੈਂਕੜੇ ਮੁਗ਼ਲ ਸੈਨਕਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਫਿਰ ਆਪ ਸ਼ਹੀਦ ਹੋ ਗਿਆ।

ਵੱਡੇ ਭਰਾ ਦੀ ਸ਼ਹਾਦਤ ਦੇਖ ਕੇ ਛੋਟਾ ਸਾਹਿਬਜ਼ਾਦਾ ਜੁਝਾਰ ਸਿੰਘ (ਉਮਰ ੧੪ ਸਾਲ) ਜੋਸ਼ ਵਿੱਚ ਭੜੱਕ ਉਠਿਆ। ਲਹੂ-ਲੁਹਾਨ ਜੰਗੇ-ਮੈਦਾਨ ਵਿੱਚ ਜਾਣ ਲਈ ਉਸਨੇ ਗੁਰੂ ਜੀ ਪਾਸੋਂ ਆਗਿਆ ਮੰਗੀ। ਗੁਰੂ ਜੀ ਨੇ ਜੁਝਾਰ ਸਿੰਘ ਨੂੰ ਆਪ ਤਿਆਰ ਕੀਤਾ ਅਤੇ ਪੰਜ ਸਿੰਘਾਂ ਨਾਲ ਗੜ੍ਹੀ ਵਿੱਚੋਂ ਬਾਹਰ ਲੜਾਈ ਵਿੱਚ ਲੱਖਾਂ ਦੀ ਗਿਣਤੀ ਵਾਲੀ ਫ਼ੌਜ ਨਾਲ ਲੜਨ ਲਈ ਭੇਜਿਆ। ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਪੰਜ ਸਿੰਘਾਂ ਨੇ ਬਹਾਦਰੀ ਨਾਲ ਲੜਦੇ ਹੋਏ ਮੁਗ਼ਲਾਂ ਦੇ ਅਨੇਕ ਸੈਨਕਾਂ ਦਾ ਖਾਤਮਾ ਕੀਤਾ ਅਤੇ ਫਿਰ ਆਪ ਸਹੀਦ ਹੋ ਗਏ।

*******************

# ੧੩. ਉੱਚ ਦਾ ਪੀਰ

**੮ ਦਸੰਬਰ, ੧੭੦੫**: ਪੰਜ ਸਿੰਘਾਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ, ਗੁਰੂ ਗੋਬਿੰਦ ਸਿੰਘ ਨੇ ਅੱਧੀ ਰਾਤ ਦੇ ਅੰਧੇਰੇ ਵਿੱਚ ਚਮਕੌਰ ਦੀ ਗੜ੍ਹੀ ਨੂੰ ਛੱਡ ਦਿੱਤਾ। ਸੁਬਹ ਹੋਣ ਤੇ ਗੁਰੂ ਜੀ ਇਕ ਬਾਗ਼ ਵਿੱਚ ਪਹੁੰਚੇ ਅਤੇ ਇਕ ਦਰਖ਼ਤ ਹੇਠਾਂ ਘੂਕ ਸੌਂ ਗਏ। ਭਾਈ ਦਯਾ ਸਿੰਘ, ਧਰਮ ਸਿੰਘ ਅਤੇ ਮਾਨ ਸਿੰਘ ਨੇ ਗੁਰੂ ਜੀ ਨੂੰ ਜਾ ਲੱਭਿਆ ਅਤੇ ਰਾਖੀ ਵਾਸਤੇ ਖੜੇ ਹੋ ਗਏ, ਜਦ ਕਿ ਸਥਾਨਕ ਲੋਕ ਇਧਰ ਉਧਰ ਆ ਜਾ ਰਹੇ ਸਨ। ਪਰ ਬਾਗ਼ ਦੇ ਇਕ ਕਾਮੇ ਨੇ ਮਾਲਕ ਗੁਲਾਬਾ ਨੂੰ ਜਾ ਦਸਿਆ। ਉਹ ਡਰ ਗਿਆ ਕਿਉਂਕਿ ਮੁਗ਼ਲ ਫ਼ੌਜ ਗੁਰੂ ਜੀ ਨੂੰ ਲੱਭ ਰਹੀ ਸੀ। ਉਹ ਗੁਲਾਬਾ ਦੋ ਭਰਾਵਾਂ – ਨਬੀ ਖਾਂ ਅਤੇ ਗਨੀ ਖਾਂ – ਕੋਲ ਗਿਆ ਅਤੇ ਗੁਰੂ ਜੀ ਬਾਰੇ ਉਹਨਾਂ ਨੂੰ ਦਸ ਦਿੱਤਾ।

ਨਬੀ ਖਾਂ ਅਤੇ ਗਨੀ ਖਾਂ ਲੁਧਿਆਣਾ ਜ਼ਿਲੇ ਵਿੱਚ ਮਾਛੀਵਾੜਾ ਦੇ ਵਸਨੀਕ ਸਨ। ਉਹ ਘੋੜਿਆਂ ਦੇ ਸੌਦਾਗਰ ਸਨ। ਦੂਰ ਦੂਰ ਤੋਂ ਲੋਕ ਉਹਨਾਂ ਨੂੰ ਨਾਮ ਤੋਂ ਹੀ ਜਾਣਦੇ ਸਨ। ਉਹ ਗੁਰੂ ਜੀ ਨੂੰ ਘੋੜੇ ਵੇਚਣ ਲਈ ਅਕਸਰ ਅਨੰਦਪੁਰ ਆਉਂਦੇ ਰਹਿੰਦੇ ਸਨ। ਉਹ ਬੜੇ ਪ੍ਰਭਾਵਤ ਸਨ ਕਿ ਗੁਰੂ ਜੀ ਦੇ ਅਦਾਰੇ ਵਿੱਚ ਸਾਰਿਆਂ ਨਾਲ ਇਕੋ ਜਿਹਾ ਵਿਵਹਾਰ ਕੀਤਾ ਜਾਂਦਾ ਸੀ। ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ ਸਨ। ਗੁਲਾਬਾ ਦੇ ਨਾਲ ਉਹ ਬਾਗ਼ ਵਿੱਚ ਆਏ ਅਤੇ ਉਹਨਾਂ ਨੇ ਗੁਰੂ ਜੀ ਅਤੇ ਸਿੰਘਾਂ ਵਾਸਤੇ ਤਿਆਰ ਕੀਤਾ ਭੋਜਨ ਹਾਜ਼ਰ ਕੀਤਾ। ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ: 'ਤੁਸੀਂ ਸਾਡੇ ਨਾਲ ਸਾਡੇ ਘਰ ਚਲੋ ਅਤੇ ਸੇਵਾ ਕਰਨ ਦਾ ਮੌਕਾ ਦਿਓ'। ਗੁਰੂ ਜੀ ਨੇ ਉਹਨਾਂ ਦੀ ਬੇਨਤੀ ਮੰਨ ਲਈ ਅਤੇ ਉਹਨਾਂ ਦੇ ਘਰ ਚਲੇ ਗਏ।

ਰਾਤ ਵੇਲੇ ਇਕ ਯੋਜਨਾ ਬਣਾਈ ਗਈ ਕਿ ਗੁਰੂ ਜੀ ਨੂੰ "ਉੱਚ ਦਾ ਪੀਰ" (ਮੁਲਤਾਨ ਦੇ ਇਕ ਸੰਪਰਦਾ ਦੇ ਮੁੱਖੀ) ਬਣਾ ਕੇ ਮੁਗ਼ਲਾਂ ਦੀ ਫ਼ੌਜ ਤੋਂ ਬਚਾ ਕੇ ਬਾਹਰ ਭੇਜਿਆ ਜਾ ਸਕੇ। ਰਾਤ ਵੇਲੇ ਹੀ ਘਰ ਵਿੱਚ ਬੁਣੇ ਨੀਲੇ ਕਪੜੇ ਦੇ ਬਸਤਰ ਤਿਆਰ ਕੀਤੇ ਗਏ। ਸੁਬਹ ਹੋਣ ਤੇ, ਗੁਰੂ ਜੀ ਨੇ ਨੀਲ-ਬਸਤਰ ਪਹਿਨੇ, ਅਤੇ ਇਕ ਬੁਣੇ ਹੋਏ ਮੰਜੇ ਤੇ "ਉੱਚ ਦਾ ਪੀਰ" ਬਣ ਕੇ ਬੈਠ ਗਏ। ਦੋਨੋ ਭਰਾ ਅਤੇ ਤਿੰਨ ਸਿੰਘਾਂ ਨੇ ਵੀ ਨੀਲੇ ਬਸਤਰ ਪਹਿਨ ਲਏ। ਨਬੀ ਖਾਂ ਅਤੇ ਗਨੀ ਖਾਂ ਨੇ ਮੰਜੇ ਨੂੰ ਅਗਲੇ ਪਾਸਿਓਂ ਆਪਣੇ ਮੋਢਿਆਂ ਤੇ ਚੁੱਕਿਆ ਤਾਂਕਿ ਉਹ ਰਸਤੇ ਵਿੱਚ ਕਿਸੇ ਵੀ ਪੁੱਛ-ਗਿੱਛ ਦਾ ਉਤਰ ਦੇ ਸਕਣ। ਭਾਈ ਦਯਾ ਸਿੰਘ ਗੁਰੂ ਜੀ ਦੇ ਸਿਰ ਤੇ ਮੋਰ-ਪੰਖ ਦੀ ਚੌਰ ਕਰਨ ਲੱਗਾ। ਭਾਈ ਧਰਮ ਸਿੰਘ ਅਤੇ ਮਾਨ ਸਿੰਘ ਨੇ ਮੰਜੇ ਨੂੰ ਪਿਛਲੇ ਪਾਸਿਓਂ ਮੋਢਾ ਦਿੱਤਾ।

ਰਸਤੇ ਵਿੱਚ ਪੀਰ ਮੁਹੰਮਦ ਕਾਜ਼ੀ, ਜਿਸਨੇ ਗੁਰੂ ਜੀ ਨੂੰ ਫ਼ਾਰਸੀ ਪੜ੍ਹਾਈ ਸੀ, ਨੇ ਗੁਰੂ ਜੀ ਨੂੰ "ਉੱਚ ਦਾ ਪੀਰ" ਹੋਣਾ ਤਸਦੀਕ ਕੀਤਾ। ਉਸ ਨੇ ਕਿਹਾ: 'ਇਹ ਅੱਲਾ ਦੀ ਰਹਿਮਤ ਦਾ ਦੇਵਤਾ ਹੈ। ਇਸਦਾ ਦੁਨਿਆਵੀ ਵਸਤਾਂ ਨਾਲ ਕੋਈ ਮੋਹ ਨਹੀਂ ਹੈ। ਇਸਨੂੰ ਰੋਕਣਾ ਅੱਲਾ ਦਾ ਕਹਿਰ ਝੇਲਣ ਦੇ ਬਰਾਬਰ ਹੈ। ਇਸਨੂੰ ਜਿਥੇ ਚਾਹੇ, ਜਾਣ ਦਿਓ"। ਸ਼ਾਹੀ ਦਸਤੇ ਨੇ ਕਾਜ਼ੀ ਤੇ ਵਿਸ਼ਵਾਸ ਕੀਤਾ ਅਤੇ ਪੀਰ ਅੱਗੇ ਸਿਰ ਝੁਕਾਇਆ, ਅਤੇ ਆਪਣੀ ਗਲਤੀ ਦੀ ਮੁਆਫ਼ੀ ਮੰਗੀ।

ਗੁਰੂ ਜੀ ਨੂੰ ਮੁਤਬੱਰਕ ਸੰਤ ਮੰਨਦਿਆਂ ਹੋਇਆਂ, ਉਹ ਦੋਨੋ ਭਰਾ ਗੁਰੂ ਜੀ ਨੂੰ ਮੁਗ਼ਲ ਫ਼ੌਜ ਦੇ ਖਤਰੇ ਤੋਂ ਦੂਰ ਲੈ ਗਏ ਅਤੇ ਲੁਧਿਆਣਾ ਜ਼ਿਲੇ ਵਿੱਚ ਆਲਮਗੀਰ ਲੈ ਆਏ। ਗੁਰੂ ਜੀ ਨੇ ਇਕ ਪ੍ਰਸੰਸਾ ਪੱਤਰ ਦੇ ਕੇ ਦੋਨੋ ਭਰਾਵਾਂ ਨੂੰ ਵਿਦਾ ਕੀਤਾ।

*******************

# ੧੪. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਦੀ ਸ਼ਹੀਦੀ

**੧੩ ਦਸੰਬਰ, ੧੭੦੫**: ਸਾਹਿਬਜ਼ਾਦਾ ਜ਼ੋਰਾਵਰ ਸਿੰਘ (ਜਨਮ ੧੬੯੬, ਉਮਰ ੯ ਸਾਲ) ਅਤੇ ਫ਼ਤਹਿ ਸਿੰਘ (ਜਨਮ ੧੬੯੯, ਉਮਰ ੬ ਸਾਲ) ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜ਼ਾਦੇ ਸਨ। ਦੋਨੋ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ (ਗੁਰੂ ਜੀ ਦੇ ਮਾਤਾ ਜੀ) ਅਨੰਦਪੁਰ ਨੂੰ ਛੱਡਣ ਵੇਲੇ ਗੁਰੂ ਜੀ ਤੋਂ ਵਿੱਛੜ ਗਏ ਸਨ। ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਮਣ ਦੇ ਨਾਲ ਸਨ, ਜੋ ਉਹਨਾਂ ਦੇ ਘਰ ਦਾ ਨੌਕਰ ਸੀ। ਬਾਅਦ ਵਿੱਚ ਗੰਗੂ ਨੇ ਹੀ ਸਰਹੰਦ ਦੇ ਫੌਜਦਾਰ ਨੂੰ ਇਤਲਾਹ ਕਰਕੇ ਉਹਨਾਂ ਨੂੰ ਧੋਖਾ ਦਿੱਤਾ ਸੀ।

ਜਦੋਂ ਸਰਹੰਦ ਦੇ ਗਵਰਨਰ ਨੂੰ ਇਸ ਗ੍ਰਿਫ਼ਤਾਰੀ ਦਾ ਪਤਾ ਲੱਗਾ, ਉਹ ਬਹੁਤ ਖ਼ੁਸ਼ ਹੋਇਆ। ਉਸਨੇ ਹੁਕਮ ਕੀਤਾ: ‘ਇਹਨਾਂ ਨੂੰ ਬਿਨਾਂ ਕਿਸੇ ਰੋਟੀ ਪਾਣੀ ਦੇ ਠੰਢੇ ਬੁਰਜ ਵਿੱਚ ਕੈਦ ਕਰ ਦਿਓ। ਇਹਨਾਂ ਨੂੰ ਕੋਈ ਗਰਮ ਕਪੜਾ ਜਾਂ ਕੰਬਲ ਨਾ ਦਿੱਤਾ ਜਾਵੇ’। ਇਹ ਸਮਾਂ ਉਸ ਵੇਲੇ ਸਿਆਲ ਦੀਆਂ ਅੱਤ-ਠੰਢੀਆਂ ਰਾਤਾਂ ਦਾ ਸੀ ਜਦ ਉਹਨਾਂ ਨੂੰ ਕਿਸੇ ਰੋਟੀ ਪਾਣੀ ਤੋਂ ਬਗੈਰ ਰਖਿਆ ਗਿਆ। ਅਗਲੀ ਸਵੇਰ ਉਹਨਾਂ ਨੂੰ ਕਚਹਿਰੀ ਵਿੱਚ ਲਿਆਉਣ ਲਈ ਇਕ ਗਾਰਡ ਭੇਜਿਆ ਗਿਆ। ਦਾਦੀ ਮਾਤਾ ਗੁਜਰੀ ਜੀ ਨੇ ਬੱਚਿਆਂ ਨੂੰ ਨਸੀਹਤ ਕੀਤੀ ਕਿ ਕਿਸੇ ਹਾਲਤ ਵਿੱਚ ਵੀ ਆਪਣਾ ਧਰਮ ਨਹੀਂ ਤਿਆਗਣਾ, ਗਵਰਨਰ ਵਲੋਂ ਭਾਵੇਂ ਕਿਸੇ ਤਰ੍ਹਾਂ ਦੇ ਵੀ ਲਾਲਚ ਜਾਂ ਡਰਾਵੇ ਦਿਤੇ ਜਾਣ।

ਕਚਹਿਰੀ ਵਿੱਚ ਦਾਖਲ ਹੋਣ ਤੇ, ਦੋਨੋ ਸਾਹਿਬਜ਼ਾਦਿਆਂ ਨੇ ਹੱਥ ਜੋੜ ਕੇ ਗਵਰਨਰ ਨੂੰ ‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ’ ਬੁਲਾਈ। ਗਵਰਨਰ ਅਜਿਹੀ ਫ਼ਤਹਿ ਸੁਣਕੇ ਕੁਝ ਕਹਿਣ ਹੀ ਲੱਗਾ ਸੀ ਕਿ ਸੁੱਚਾ ਨੰਦ (ਇਕ ਹਿੰਦੂ ਮੰਤਰੀ) ਬੋਲ ਪਿਆ: ‘ਬਚਿਓ! ਇਹ ਮੁਗ਼ਲ ਸਾਮਰਾਜ ਦੀ ਕਚਹਿਰੀ ਹੈ, ਅਤੇ ਅਨੰਦਪੁਰ ਨਹੀਂ। ਇੱਥੇ ਤੁਹਾਨੂੰ ਗਵਰਨਰ ਅੱਗੇ ਸਿਰ ਝੁਕਾਉਣਾ ਪਵੇਗਾ। ਮੈਂ ਹਿੰਦੂ ਹੁੰਦਿਆਂ ਹੋਇਆਂ ਵੀ ਹਰ ਗਵਰਨਰ ਅੱਗੇ ਸਿਰ ਝੁਕਾਉਂਦਾ ਹਾਂ’।

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਜੁਆਬ ਦਿੱਤਾ: “ਅਸੀ ਆਪਣਾ ਸਿਰ ਸਿਰਫ਼ ਇਕ ਪ੍ਰਮਾਤਮਾ ਅੱਗੇ ਅਤੇ ਗੁਰੂ ਜੀ ਅੱਗੇ ਹੀ ਝੁਕਾਉਂਦੇ ਹਾਂ’। ਇਸ ਸਿੱਧੇ ਸਾਦੇ ਹਾਜਰ ਜੁਆਬ ਨੇ ਸੁੱਚਾ ਨੰਦ ਨੂੰ ਕ੍ਰੋਧਤ ਕਰ ਦਿੱਤਾ, ਪਰ ਉਹ ਚੁੱਪ ਰਿਹਾ। ਸਰਹੰਦ ਦੇ ਗਵਰਨਰ ਵਜ਼ੀਰ ਖਾਂ ਨੂੰ ਇਹ ਯਕੀਨ ਸੀ ਕਿ ਉਹ ਦੌਲਤ ਅਤੇ ਦੁਨਿਆਵੀ ਸਹੂਲਤਾਂ ਦਾ ਲਾਲਚ ਦੇ ਕੇ ਗੁਰੂ ਜੀ ਦੇ ਬਚਿਆਂ ਨੂੰ ਧਰਮ ਬਦਲ ਕੇ ਮੁਸਲਮਾਨ ਬਣਨ ਲਈ ਭਰਮਾ ਲਵੇਗਾ। ਇਸਤਰ੍ਹਾਂ ਉਸਦੀ ਬਹੁਤ ਵੱਡੀ ਜਿੱਤ ਹੋਵੇਗੀ; ਪਰ ਉਹ ਪੂਰੀ ਕੋਸ਼ਸ਼ ਦੇ ਬਾਵਜੂਦ ਅਸਫ਼ਲ ਹੀ ਰਿਹਾ।

ਆਖਰਕਾਰ, ਗਵਰਨਰ ਨੇ ਉਹਨਾਂ ਨੂੰ ਪੁਛਿਆ: ‘ਜੇ ਮੈਂ ਤੁਹਾਨੂੰ ਛੱਡ ਦਿਆਂ, ਤਾਂ ਤੁਸੀਂ ਕੀ ਕਰੋਗੇ?’ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਬੋਲਿਆ: ‘ਵੱਡੇ ਹੋ ਕੇ ਅਸੀਂ ਸਿੰਘ ਇਕੱਠੇ ਕਰਾਂਗੇ ਅਤੇ ਜ਼ੁਲਮ ਦੇ ਖਤਮ ਹੋਣ ਤੱਕ ਲੜਾਂਗੇ ਜਾਂ ਲੜਦੇ ਮਰ ਜਾਵਾਂਗੇ। ਅਸੀਂ ਆਪਣੇ ਦਾਦਾ ਜੀ ਦੀ ਅਤੇ ਓਹਨਾਂ ਦੇ ਸਿੱਖਾਂ ਦੀ ਪਾਈ ਪਿਰਤ

ਅਨੁਸਾਰ ਜੀਵਾਂਗੇ। ਅਸੀਂ ਜ਼ੁਲਮ ਅੱਗੇ ਹਾਰ ਨਹੀਂ ਮੰਨ ਸਕਦੇ। ਅਸੀਂ ਗੌਰਵ ਸਹਿਤ ਜੀਵਾਂਗੇ ਜਾਂ ਗੌਰਵ ਸਹਿਤ ਹੀ ਮਰਾਂਗੇ। ਅਸੀਂ ਕਾਇਰ ਬੁਜ਼ਦਿਲਾਂ ਦੀ ਤਰ੍ਹਾਂ ਨਹੀਂ ਜੀ ਸਕਦੇ'।

ਗਵਰਨਰ ਇਕ ਦਮ ਘਬਰਾ ਗਿਆ। ਉਸਨੇ ਸੋਚਿਆ ਕਿ ਉਸਦੀ ਜ਼ਿੰਦਗੀ ਨੂੰ ਲਗਾਤਾਰ ਖਤਰਾ ਬਣਿਆ ਰਹੇਗਾ ਜੇ ਇਹ ਜ਼ਿੰਦਾ ਰਹੇ; ਇਹਨਾਂ ਨੂੰ ਖਤਮ ਕਰਣ ਵਿੱਚ ਹੀ ਭਲਾਈ ਹੋਵੇਗੀ।

੯ ਸਾਲ ਅਤੇ ੬ ਸਾਲ ਦੀ ਉਮਰ ਵਾਲੇ ਸਾਹਿਬਜ਼ਾਦਿਆਂ ਨੂੰ ਗਵਰਨਰ ਦੇ ਹੁਕਮ ਅਨੁਸਾਰ ਕੰਧਾਂ ਵਿੱਚ ਜ਼ਿੰਦਾ ਚਿਣ ਦਿੱਤਾ ਗਿਆ। ਇਹ ਘਟਨਾ ੧੩ ਦਸੰਬਰ ੧੭੦੫ ਨੂੰ ਵਾਪਰੀ। ਉਹਨਾਂ ਦੀ ਦਾਦੀ ਨੇ ਉਸੇ ਦਿਨ ਹੀ ਪ੍ਰਾਣ ਤਿਆਗ ਦਿਤੇ। ਪਰ ਸਾਹਿਬਜ਼ਾਦਿਆਂ ਵਲੋਂ ਆਪਣੇ ਧਰਮ ਵਿੱਚ ਪਰਪੱਕ ਰਹਿਣ ਦੇ ਦ੍ਰਿੜ ਇਰਾਦੇ ਨੇ ਗਵਰਨਰ ਨੂੰ ਵੱਡੀ ਹਾਰ ਅਤੇ ਨੁਕਸਾਨ ਪਹੁੰਚਾਇਆ।

******************

# ੧੫. ਚਾਲੀ ਮੁਕਤੇ

**੨੯ ਦਸੰਬਰ, ੧੭੦੫**: ਸਮਰਾਟ ਔਰੰਗਜ਼ੇਬ ਨੇ ਐਲਾਨ ਜਾਰੀ ਕੀਤਾ ਕਿ ਫ਼ੌਜਾਂ ਵਲੋਂ ਭਾਲ ਕਰਦਿਆਂ ਹੋਇਆਂ ਕੋਈ ਵੀ ਗੁਰੂ ਜੀ ਨੂੰ ਕੋਈ ਮਦਦ ਜਾਂ ਸਹਾਰਾ ਨਾ ਦੇਵੇ। ਫਿਰ ਵੀ, ਬਹੁਤ ਸਾਰੇ ਸਮਰਪਤ ਸ਼ਰਧਾਲੂ ਆਪਣੀ ਜਾਨ ਖਤਰੇ ਵਿੱਚ ਪਾ ਕੇ ਵੀ ਗੁਰੂ ਜੀ ਦੇ ਮਦਦਗਾਰ ਬਣੇ ਰਹੇ। ਅਜਿਹੇ ਸ਼ਰਧਾਲੂ ਸਿਰਫ਼ ਸਿੱਖ ਹੀ ਨਹੀਂ ਸਨ, ਉਹ ਮੁਸਲਿਮ ਵੀ ਸਨ।

ਸਰਹੰਦ ਦੇ ਨਵਾਬ ਵਜ਼ੀਰ ਖਾਂ ਨੇ ਗੁਰੂ ਜੀ ਨੂੰ ਲੱਭਣ ਦਾ ਫ਼ੈਸਲਾ ਕੀਤਾ। ਗੁਰੂ ਜੀ ਨਵਾਬ ਦਾ ਸਾਹਮਣਾ ਕਰਕੇ ਉਸ ਨਾਲ ਲੜਨ ਲਈ ਪੂਰੀ ਤਰ੍ਹਾਂ ਤਿਆਰ ਸਨ। ਗੁਰੂ ਜੀ ਨੇ ਸੋਚਿਆ: 'ਜੇ ਲੜਾਈ ਇਸ ਪਿੰਡ ਦੇ ਨੇੜੇ ਜਾਂ ਕਿਤੇ ਹੋਰ ਹੁੰਦੀ ਹੈ, ਤਾਂ ਇਥੋਂ ਦੇ ਵਸਨੀਕ ਖਤਰੇ ਵਿੱਚ ਪੈ ਜਾਣਗੇ'। ਸੋ ਗੁਰੂ ਜੀ ਨੇ ਸੁਖ-ਸਹੂਲਤਾਂ ਦੀ ਥਾਂ ਛੱਡ ਕੇ ਜੰਗਲਾਂ ਵਿੱਚ ਜਾਣਾ ਠੀਕ ਸਮਝਿਆ।

ਬਹੁਤ ਸਾਰੇ ਪਿੰਡਾਂ ਵਿੱਚੋਂ ਲੰਘਦਿਆਂ, ਗੁਰੂ ਜੀ ਜੈਤੋ ਪਹੁੰਚ ਗਏ। ਉੱਥੇ ਗੁਰੂ ਜੀ ਨੂੰ ਪਤਾ ਚਲਿਆ ਕਿ ਵਜ਼ੀਰ ਖਾਂ ਪੰਜ ਹਜ਼ਾਰ ਦੀ ਫ਼ੌਜ ਨਾਲ ਉਹਨਾਂ ਦਾ ਪਿੱਛਾ ਕਰ ਰਿਹਾ ਹੈ ਅਤੇ ਚਾਰ-ਪੰਜ ਦਿਨਾਂ ਤੱਕ ਉਥੇ ਪਹੁੰਚਣ ਵਾਲਾ ਹੈ। ਗੁਰੂ ਜੀ ਨੇ ਖਦਰਾਣਾ ਦੇ ਨੇੜੇ ਪਹੁੰਚਣ ਦਾ ਫ਼ੈਸਲਾ ਕੀਤਾ ਅਤੇ ਝੀਲ ਦੇ ਨੇੜੇ ਮੁਗ਼ਲ ਫ਼ੌਜਾਂ ਦਾ ਸਾਹਮਣਾ ਕਰਨ ਦਾ ਫ਼ੈਸਲਾ ਕੀਤਾ।

ਅਨੰਦਪੁਰ ਵਿੱਚ ਕਿਲੇ ਨੂੰ ਲੰਬੇ ਸਮੇਂ ਦੇ ਘੇਰੇ ਵੇਲੇ ੪੦ ਸਿੰਘਾਂ ਨੇ ਗੁਰੂ ਜੀ ਨੂੰ ਬੇਦਾਵਾ ਦੇ ਦਿੱਤਾ ਸੀ। ਚੱਲਣ ਤੋਂ ਪਹਿਲਾਂ ਉਹਨਾਂ ਨੇ ਇਕ ਕਾਗ਼ਜ਼ ਉਪਰ ਲਿਖ ਕੇ ਦੇ ਦਿੱਤਾ ਸੀ ਕਿ ਉਹ ਉਹਨਾਂ ਦੇ ਗੁਰੂ ਨਹੀਂ ਅਤੇ ਉਹ ਗੁਰੂ ਜੀ ਦੇ ਸਿੱਖ ਨਹੀਂ। ਬੇਦਾਵਾ ਦੇਣ ਵਾਲੇ ਸਿੰਘ ਪੰਜਾਬ ਵਿੱਚ ਮਾਝੇ ਦੇ ਰਹਿਣ ਵਾਲੇ ਸਨ। ਜਦ ਉਹ ਆਪਣੇ ਘਰੀਂ ਪਹੁੰਚੇ, ਤਾਂ ਉਹਨਾਂ ਦੀਆਂ ਪਤਨੀਆਂ ਨੇ ਗੁਰੂ ਜੀ ਨੂੰ ਛੱਡਣ ਕਰਕੇ ਉਹਨਾਂ ਨੂੰ ਤਾਹਨੇ-ਮਿਹਣੇ ਮਾਰੇ ਕਿ ਉਹ ਜੰਗ ਵਿੱਚ ਜਾ ਕੇ ਗੁਰੂ ਜੀ ਦੀ ਮਦਦ ਕਰਨ ਦੀ ਬਜਾਏ ਘਰ ਵਿੱਚ ਆ ਬੈਠੇ ਸਨ।

ਬੇਦਾਵਾ ਦੇਣ ਵਾਲੇ ਮਾਝੇ ਦੇ ਵਾਸੀਆਂ ਨੇ ਗੁਰੂ ਜੀ ਕੋਲ ਮੁੜ ਵਾਪਸ ਜਾਣ ਦਾ ਅਤੇ ਮੁਆਫ਼ੀ ਮੰਗਣ ਦਾ ਫ਼ੈਸਲਾ ਕੀਤਾ। ੪੦ ਸਿੰਘਾਂ ਦਾ ਇਹ ਤਿਆਰ-ਬਰਤਿਆਰ ਸੈਨਕਾਂ ਦਾ ਟੋਲਾ ਗੁਰੂ ਜੀ ਵੱਲ ਚਲ ਪਿਆ ਅਤੇ ਮਾਈ ਭਾਗੋ ਵੀ ਉਹਨਾਂ ਨਾਲ ਰਲ ਗਈ। ਮਾਈ ਭਾਗੋ ਅਤੇ ਮਹਾਂ ਸਿੰਘ ਇਸ ਸਾਰੇ ਟੋਲੇ ਦੇ ਲੀਡਰ ਸਨ। ਉਹਨਾਂ ਨੂੰ ਬੜੀ ਸਾਵਧਾਨੀ ਨਾਲ ਜਾਣਾ ਪੈਣਾ ਸੀ। ਜੇ ਉਹ ਇਕੋ ਟੋਲੇ ਦੇ ਤੌਰ ਤੇ ਚਲਦੇ, ਤਾਂ ਉਹ ਪਕੜੇ ਵੀ ਜਾ ਸਕਦੇ ਸਨ। ਸੋ ਉਹ ਛੋਟੇ ਛੋਟੇ ਟੋਲਿਆ ਵਿੱਚ ਆਮ ਕਰਕੇ ਰਾਤਾਂ ਨੂੰ ਉੱਬੜ-ਖਾੱਬੜ ਰਸਤਿਆਂ ਰਾਹੀਂ ਚਲਦੇ ਰਹੇ। ਰਸਤੇ ਤੇ ਚਲਦਿਆ ਹੋਰ ਕਈ ਲੋਕ ਉਹਨਾਂ ਨਾਲ ਮਿਲਦੇ ਗਏ ਅਤੇ ਹੁਣ ਗੁਰੂ ਜੀ ਦੀ ਮਦਦ ਲਈ ਵਿਰੋਧੀ ਫ਼ੌਜਾਂ ਨਾਲ ਜੰਗੇ-ਮੈਦਾਨ ਵਿੱਚ ਲੜਨ ਲਈ ਸਿੱਖਾਂ ਦੀ ਗਿਣਤੀ ਵੱਡੀ ਹੁੰਦੀ ਗਈ।

ਉਹਨਾਂ ਨੂੰ ਪਤਾ ਲਗਿਆ ਕਿ ਗੁਰੂ ਜੀ ਝੀਲ ਦੇ ਦੂਜੇ ਪਾਰ ਚਲੇ ਗਏ ਸਨ, ਅਤੇ ਵਜ਼ੀਰ ਖਾਂ ਦੀ ਫ਼ੌਜ ਜਲਦੀ ਹੀ ਆਉਣ ਹੀ ਵਾਲੀ ਸੀ। ਖਿਦਰਾਣਾ ਪਹੁੰਚਣ ਤੇ, ਉਹਨਾਂ ਨੇ ਝੀਲ ਨੂੰ ਲੱਗ ਭੱਗ ਸੁੱਕਾ ਦੇਖਿਆ। ਭਾਈ ਮਹਾਂ ਸਿੰਘ ਨੇ ਦੁਸ਼ਮਣ ਦਾ ਸਾਹਮਣਾ ਉਥੇ ਕਰਨ ਲਈ ਕਿਹਾ। ਗੁਰੂ ਜੀ ਨੂੰ ਉੱਥੇ ਠੀਕ ਠਾਕ ਪਹੁੰਚਣ

ਵਿੱਚ ਸਮਾਂ ਮਿਲ ਜਾਏਗਾ। ਝਾੜੀਆਂ ਉਪਰ ਵੱਡੀਆਂ ਵੱਡੀਆਂ ਚਦਰਾਂ ਪਾ ਦਿਤੀਆਂ ਗਈਆਂ; ਇਵੇਂ ਲੱਗੇ ਕਿ ਬਹੁਤ ਸਾਰੇ ਤੰਬੂ ਲਗਾਏ ਹੋਏ ਹਨ। ਅਜਿਹੇ ਦ੍ਰਿਸ਼ ਨਾਲ ਦੁਸ਼ਮਣ ਨੂੰ ਲਗੇਗਾ ਕਿ ਸਿੱਖ ਉੱਥੇ ਬਹੁਤ ਵੱਡੀ ਗਿਣਤੀ ਵਿੱਚ ਸਨ।

ਮੁਸਲਿਮ ਫ਼ੌਜ ਜਲਦੀ ਹੀ ਉਥੇ ਪਹੁੰਚ ਗਈ। ਬੜੇ ਲੰਬੇ ਸਮੇਂ ਤੱਕ ਖ਼ੂਨ-ਖਰਾਬੇ ਵਾਲੀ ਭਿਆਨਕ ਜੰਗ ਹੋਈ। ਬਹਾਦਰੀ ਨਾਲ ਲੜਦੇ ਸਾਰੇ ਸਿੰਘਾਂ ਦੇ ਮੂਹਰੇ ਮਾਈ ਭਾਗੋ ਲੜ ਰਹੀ ਸੀ। ਗੁਰੂ ਜੀ ਖਿਦਰਾਣਾ ਝੀਲ ਦੇ ਦੂਜੇ ਪਾਸੇ ਰੇਤ ਦੇ ਇਕ ਟਿੱਲੇ ਉਪਰ ਪਹੁੰਚੇ। ਉਹਨਾਂ ਨੇ ਮੁਸਲਿਮ ਫ਼ੌਜ ਦੇ ਵਿਸ਼ੇਸ਼ ਅਫ਼ਸਰ ਅਤੇ ਸੈਨਕਾਂ ਨੂੰ ਆਪਣੇ ਤੀਰਾਂ ਦਾ ਨਿਸ਼ਾਨਾ ਬਣਾਇਆ। ਫ਼ੌਜ ਨੇ ਬਾਰ ਬਾਰ ਸਿੱਖਾਂ ਉਪਰ ਹਮਲੇ ਕੀਤੇ, ਪਰ ਹਰ ਵਾਰ ਹੀ ਉਹਨਾਂ ਨੂੰ ਨੁਕਸਾਨ ਝਲਦਿਆਂ ਪਿੱਛੇ ਹਟਣਾ ਪਿਆ।

ਸਿੱਖਾਂ ਕੋਲ ਭਾਵੇਂ ਸਿੱਕਾ ਬਾਰੂਦ ਅਤੇ ਤੀਰਾਂ ਦਾ ਖਾਤਮਾ ਹੋ ਗਿਆ, ਉਹਨਾਂ ਨੇ ਬਰਛਿਆਂ ਅਤੇ ਤਲਵਾਰਾਂ ਨਾਲ ਲੜਾਈ ਜਾਰੀ ਰਖੀ। ਉਹ ਛੋਟੇ ਛੋਟੇ ਟੋਲਿਆਂ ਵਿੱਚ ਅੱਗੇ ਵਧਦੇ ਰਹੇ ਅਤੇ ਆਪਣੇ ਨਾਲੋਂ ਕਿਤੇ ਜ਼ਿਆਦਾ ਗਿਣਤੀ ਵਿੱਚ ਦੁਸ਼ਮਣਾਂ ਨੂੰ ਮਾਰ ਮੁਕਾਇਆ। ਉਹ ਕਿਸੇ ਜਿੱਤ ਵਾਸਤੇ ਨਹੀਂ ਲੜ ਰਹੇ ਸਨ, ਅਤੇ ਨਾ ਹੀ ਉਹਨਾਂ ਨੂੰ ਆਪਣੀਆਂ ਜਾਨਾਂ ਬਚਾਉਣ ਦਾ ਧਿਆਨ ਸੀ। ਉਹਨਾਂ ਦੀ ਖ਼ੁਸ਼ੀ ਸਿਰਫ਼ ਗੁਰੂ ਜੀ ਦੀ ਜਿੱਤ ਅਤੇ ਉਹਨਾਂ ਵਲੋਂ ਮੁਆਫ਼ ਕਰ ਦਿੱਤੇ ਜਾਣ ਦੀ ਉਡੀਕ ਸੀ। ਉਹਨਾਂ ਦਾ ਦ੍ਰਿੜ ਇਰਾਦਾ ਦੁਸ਼ਮਣ ਨਾਲ ਵੱਧ ਤੋਂ ਵੱਧ ਸਮੇਂ ਲਈ ਸਖਤੀ ਨਾਲ ਲੜਨਾ ਅਤੇ ਦੁਸ਼ਮਣ ਨੂੰ ਪਿੱਛੇ ਹਟਾਉਣਾ ਸੀ। ਇਸਤਰ੍ਹਾਂ ਲੜਦਿਆਂ ਉਹ ਲਗ ਭਗ ਸਾਰੇ ਹੀ ਸ਼ਹੀਦ ਹੋ ਗਏ। ਕੋਈ ਤਿੰਨ ਹਜ਼ਾਰ ਤੁਰਕ ਉਹਨਾਂ ਦੇ ਨਾਲ ਹੀ ਉਸ ਜੰਗੇ-ਮੈਦਾਨ ਵਿੱਚ ਮੌਤ ਦੇ ਘਾਟ ਉਤਾਰ ਦਿਤੇ ਗਏ। ਉਹਨਾਂ ਦੀ ਇਤਨੀ ਵੱਡੀ ਗਿਣਤੀ ਹੋਣ ਦੇ ਬਾਵਜੂਦ, ਮੁਗ਼ਲ ਫ਼ੌਜਾਂ ਗੁਰੂ ਜੀ ਨੂੰ ਪਕੜਨ ਵਿੱਚ ਨਾ-ਕਾਮਯਾਬ ਰਹੀਆਂ ਅਤੇ ਉਹਨਾਂ ਨੂੰ ਹਾਰ ਕੇ ਪਿੱਛੇ ਮੁੜਨਾ ਪਿਆ।

ਗੁਰੂ ਜੀ ਜੰਗੇ-ਮੈਦਾਨ ਵਿੱਚ ਗਏ। ਪਿਤਾ-ਸਮਾਨ ਪਿਆਰ ਨਾਲ ਗੁਰੂ ਜੀ ਨੇ ਸ਼ਹੀਦ ਹੋਏ ਇੱਕ ਇੱਕ ਸਿੱਖ ਨੂੰ ਆਪਣੀ ਗੋਦ ਵਿੱਚ ਉਠਾਇਆ, ਹਰ ਕਿਸੇ ਦਾ ਚੇਹਰਾ ਸਾਫ਼ ਕੀਤਾ ਅਤੇ ਅਸ਼ੀਰਵਾਦ ਦਿੱਤਾ। ਭਾਈ ਮਹਾਂ ਸਿੰਘ ਹਾਲੇ ਸਾਹ ਲੈ ਰਿਹਾ ਸੀ। ਉਸਨੇ ਅੱਖਾਂ ਖੋਹਲੀਆਂ ਅਤੇ ਆਪਣੇ ਆਪ ਨੂੰ ਗੁਰੂ ਜੀ ਦੀਆਂ ਬਾਹਵਾਂ ਵਿੱਚ ਦੇਖਿਆ। ਉਹ ਅਤਿਅੰਤ ਖ਼ੁਸ਼ੀ ਵਿੱਚ ਭਰ ਗਿਆ। ਗੁਰੂ ਜੀ ਨੇ ਉਸਨੂੰ ਉਸਦੀ ਆਖਰੀ ਖਾਹਿਸ਼ ਬਾਰੇ ਪੁੱਛਿਆ। ‘ਨਹੀਂ, ਮੇਰੇ ਪਿਤਾ’ ਮਹਾਂ ਸਿੰਘ ਨੇ ਉਤਰ ਦਿੱਤਾ ‘ਮੈਂ ਤੁਹਾਡੇ ਦਰਸ਼ਨ ਕਰ ਲਏ ਹਨ। ਮੈਂ ਤੁਹਾਡੇ ਲਈ, ਤੁਹਾਡੀਆਂ ਬਾਹਵਾਂ ਵਿੱਚ ਤੁਹਾਡੇ ਆਸ਼ੀਰਵਾਦ ਸਹਿਤ ਮਰ ਰਿਹਾ ਹਾਂ। ਹੋਰ ਮੈਂ ਕਾਹਦੀ ਇੱਛਾ ਕਰ ਸਕਦਾ ਹਾਂ? ਪਰ, ਮੇਰੇ ਪਿਤਾ! ਜੇ ਤੁਸੀਂ ਸਾਡੇ ਤੇ ਇਤਨਾ ਮੇਹਰਬਾਨ ਹੋਏ ਹੋਂ ਤਾਂ ਉਹ ਬੇਦਾਵਾ ਫਾੜ ਦਿਓ ਜਿਸ ਉਪਰ ਅਸਾਂ ਲਿਖਿਆ ਸੀ ਕਿ ‘ਤੂੰ ਸਾਡਾ ਗੁਰੂ ਨਹੀਂ, ਅਤੇ ਅਸੀਂ ਤੇਰੇ ਸਿੱਖ ਨਹੀਂ। ਉਹ ਵਰਕਾ ਫਾੜ ਦਿਓ ਅਤੇ ਟੁੱਟੀ ਗੰਢਣ ਦੀ ਕਿਰਪਾਲਤਾ ਕਰੋ’।

ਗੁਰੂ ਜੀ ਨੇ ਉਸਨੂੰ ਆਸ਼ੀਰਵਾਦ ਦਿੱਤਾ ਅਤੇ ਕਿਹਾ: ‘ਤੁਸੀਂ ਬਹੁਤ ਮਹਾਨ ਸੇਵਾ ਕੀਤੀ ਹੈ। ਤੁਸੀਂ ਮਾਝੇ ਵਿੱਚ ਸਿੱਖੀ ਨੂੰ ਬਚਾਇਆ ਹੈ’। ਗੁਰੂ ਜੀ ਨੇ ਉਹਨਾਂ ੪੦ ਸ਼ਹੀਦਾਂ ਨੂੰ ੪੦ ਮੁਕਤੇ ਹੋਣ ਦਾ ਆਸ਼ੀਰਵਾਦ ਦਿੱਤਾ, ਉਹ ਬੇਦਾਵਾ ਆਪਣੇ ਕਮਰ-ਕੱਸੇ ਹੇਠੋਂ ਕਢਿਆ ਅਤੇ ਉਸਨੂੰ ਟੁੱਕੜੇ ਟੁੱਕੜੇ ਕਰ ਕੇ ਫਾੜਿਆ ਅਤੇ ਦੂਰ-ਦੁਰਾਡੇ ਸੁੱਟ ਦਿੱਤਾ। ਭਾਈ ਮਹਾਂ ਸਿੰਘ ਨੇ ਬਹੁਤ ਵੱਡਾ ਸੁੱਖ ਮਹਿਸੂਸ ਕੀਤਾ। ਉਹ ਮੁਸਕ੍ਰਾਇਆ, ਇਕ

ਲੰਬਾ ਅਤੇ ਆਖਰੀ ਸਾਹ ਲਿਆ ਅਤੇ ਅੱਖਾਂ ਬੰਦ ਕਰ ਲਈਆ। ਉਸ ਸਥਾਨ ਤੇ ਅੱਜ ਕਲ੍ਹ ਇਕ ਸੁੰਦਰ ਗੁਰਦੁਆਰਾ ਅਤੇ ਸਰੋਵਰ ਸੁਸ਼ੋਭਤ ਹੈ। ਇਰਦ ਗਿਰਦ ਵਸਿਆ ਨਗਰ 'ਮੁਕਤਸਰ'- 'ਮੁਕਤੀ ਦਾ ਸਰੋਵਰ' ਕਹਾਉਂਦਾ ਹੈ।

ਗੁਰੂ ਜੀ ਨੇ ਦੇਖਿਆ ਕਿ ਮਾਈ ਭਾਗੋ ਬੇਹੋਸ਼ ਪਈ ਸੀ, ਪਰ ਜ਼ਖ਼ਮੀ ਨਹੀਂ ਹੋਈ ਸੀ। ਉਹ ਥਕਾਵਟ ਵਿੱਚ ਬਿਲਕੁਲ ਚਕਨਾਚੂਰ ਹੋਈ ਗਿਰ ਗਈ ਸੀ। ਕੁਝ ਮਰ੍ਹਮ ਪੱਟੀ ਕਰਨ ਤੇ ਉਹ ਹੋਸ਼ ਵਿੱਚ ਆ ਗਈ ਅਤੇ ਗੁਰੂ ਜੀ ਨੇ ਉਸਨੂੰ ਜੰਗੇ-ਮੈਦਾਨ ਤੋਂ ਪਾਸੇ ਕੀਤਾ। ਜਦ ਉਸਨੂੰ ਹੋਸ਼ ਆਈ ਤਾਂ ਉਸਤੇ ਅੰਿਮ੍ਰਤ ਦੀ ਬਖ਼ਸ਼ਸ਼ ਕੀਤੀ ਅਤੇ ਉਸਨੂੰ ਮਾਈ ਭਾਗ ਕੌਰ ਨਾਮ ਦਿੱਤਾ। ਮਾਈ ਭਾਗ ਕੌਰ, ਮਰਦਾਨੇ ਲਿਬਾਸ ਵਿੱਚ, ਆਖਰ ਤੱਕ ਗੁਰੂ ਜੀ ਦੀ ਸੇਵਾ ਵਿੱਚ ਰਹੀ। ਦਸਾਂ ਸਿੱਖਾਂ ਦੇ ਨਾਲ ਹੀ, ਉਹ ਗੁਰੂ ਜੀ ਦੇ ਬਿਸਤਰ ਦੀ ਰਖਵਾਲੀ ਕਰਦੀ। ਜਦ ਗੁਰੂ ਜੀ ਨੇ ਚਲਾਣਾ ਕੀਤਾ, ਤਾਂ ਉਹ ਬਿਦਰ ਚਲੀ ਗਈ ਅਤੇ ਜੀਵਨ ਦੇ ਅੰਤ ਤੱਕ ਉਥੇ ਰਹੀ।

**੧੭੦੬** *(ਉਮਰ ੪੦)*: ਲੱਖੀ ਜੰਗਲ ਵਿੱਚ ਕੁਝ ਸਮਾਂ ਬਤੀਤ ਕਰਨ ਤੋਂ ਬਾਅਦ, ਗੁਰੂ ਜੀ ੨੦ ਜਨਵਰੀ ੧੭੦੬ ਨੂੰ ਤਲਵੰਡੀ ਸਾਬੋ ਪਹੁੰਚੇ; ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਉਥੇ ਕੋਈ ਨੌਂ ਮਹੀਨੇ ਬਤੀਤ ਕਰਨ ਵੇਲੇ, ਹੋਰ ਕਈ ਸਿੱਖ ਉਹਨਾਂ ਨੂੰ ਆ ਮਿਲੇ। ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਇਕ ਹੋਰ ਬੀੜ ਤਿਆਰ ਕੀਤੀ। ਮਾਨੇਵਰ ਵਿਦਵਾਨ ਭਾਈ ਮਨੀ ਸਿੰਘ ਜੀ ਨੇ ਇਸਦੀ ਲਿਖਾਈ ਕੀਤੀ। ਗੁਰੂ ਜੀ ਦੀ ਸੰਗਤ ਵਿੱਚ ਰਹਿਣ ਵਾਲੇ ਅਨੇਕਾਂ ਵਿਦਵਾਨਾਂ ਅਤੇ ਉਹਨਾਂ ਵਲੋਂ ਕੀਤੇ ਸਾਹਿਤਕ ਉਪਰਾਲਿਆਂ ਦੀ ਯਾਦ ਵਿੱਚ ਇਹ ਸਥਾਨ ਹੋਂਦ ਵਿੱਚ ਆਇਆ ਜਿਸਨੂੰ ਬਨਾਰਸ ਵਾਂਗੂੰ 'ਗੁਰੂ ਕੀ ਕਾਂਸ਼ੀ' ਜਾਂ 'ਸਿਖਿਆ ਦਾ ਸਥਾਨ' ਕਿਹਾ ਜਾਂਦਾ ਹੈ।

******************

# ੧੬. ਡੱਲੇ ਨੂੰ ਬਹਾਦਰੀ ਦਾ ਭੁਲੇਖਾ

ਤਲਵੰਡੀ ਨਗਰ ਦਾ ਮੁਖੀਆ ਡੱਲਾ ਗੁਰੂ ਜੀ ਕੋਲ ਆਇਆ ਅਤੇ ਬੜੀ ਨਿਮਰਤਾ ਸਹਿਤ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਜਦੋਂ ਸਰਹੰਦ ਦੇ ਗਵਰਨਰ ਨੂੰ ਗੁਰੂ ਜੀ ਦੇ ਤਲਵੰਡੀ ਵਿੱਚ ਹੋਣ ਦਾ ਪਤਾ ਲੱਗਾ, ਤਾਂ ਉਸਨੇ ਗੁਰੂ ਜੀ ਨੂੰ ਉਸ ਕੋਲ ਪੇਸ਼ ਕਰਨ ਲਈ ਹੁਕਮ ਕੀਤਾ ਅਤੇ ਉਸਨੂੰ ਬਹੁਤ ਸਾਰਾ ਇਨਾਮ ਦੇਣ ਦਾ ਵੀ ਕਿਹਾ। ਇਸਦੇ ਨਾਲ ਹੀ, ਗਵਰਨਰ ਨੇ ਉਸਨੂੰ ਧਮਕੀ ਵੀ ਦਿੱਤੀ ਕਿ ਇਸਤਰ੍ਹਾਂ ਨਾ ਕਰਨ ਦੀ ਸੂਰਤ ਵਿੱਚ ਉਹ ਹਮਲਾ ਕਰਕੇ ਡੱਲੇ ਸਮੇਤ ਗੁਰ ਜੀ ਨੂੰ ਤਬਾਹ ਕਰ ਦੇਵੇਗਾ।

ਡੱਲੇ ਨੇ ਉਸਨੂੰ ਜੁਆਬ ਭੇਜਿਆ: 'ਮੈਂ ਕਿਸੇ ਕੀਮਤ ਤੇ ਵੀ ਗੁਰੂ ਜੀ ਨੂੰ ਤੇਰੇ ਹਵਾਲੇ ਨਹੀਂ ਕਰਾਂਗਾ। ਤੂੰ ਜੋ ਚਾਹਵੇਂ ਕਰ ਸਕਦਾ ਹੈਂ'। ਗਵਰਨਰ ਦੇ ਡਰ ਨੂੰ ਪਾਸੇ ਰਖਦਿਆਂ ਹੋਇਆਂ, ਡੱਲਾ ਗੁਰੂ ਜੀ ਦੀ ਵੱਧ ਤੋਂ ਵੱਧ ਸੇਵਾ ਕਰਦਾ ਰਿਹਾ।

ਡੱਲੇ ਨੂੰ ਆਪਣੇ ਬੰਦਿਆਂ ਤੇ ਬੜਾ ਮਾਣ ਸੀ। ਉਹ ਗੁਰੂ ਜੀ ਕੋਲ ਅਕਸਰ ਸ਼ੇਖੀਆਂ ਮਾਰਦਾ ਰਹਿੰਦਾ: 'ਜੇ ਮੇਰੇ ਬੰਦੇ ਚਮਕੌਰ ਦੀ ਲੜਾਈ ਵਿੱਚ ਤੁਹਾਡੇ ਨਾਲ ਹੁੰਦੇ, ਤਾਂ ਗਵਰਨਰ ਦੀਆਂ ਫ਼ੌਜਾਂ ਤੁਹਾਡਾ ਕੋਈ ਨੁਕਸਾਨ ਕਰਨ ਦੀ ਹਿੰਮਤ ਨਾ ਕਰਦੀਆਂ'। ਗੁਰੂ ਜੀ ਨੇ ਵਿਸਤਾਰ ਵਿੱਚ ਦਸਿਆ: 'ਭਾਈ ਡੱਲਾ! ਚੰਗੀ ਸੇਹਤ ਅਤੇ ਬਹਾਦਰੀ ਬੰਦੇ ਦੋ ਵੱਖ ਵੱਖ ਗੁਣ ਹਨ। ਇਹ ਜ਼ਰੂਰੀ ਨਹੀਂ ਕਿ ਕੋਈ ਸੇਹਤਮੰਦ ਅਤੇ ਤਾਕਤਵਰ ਬੰਦਾ ਬਹਾਦਰ ਵੀ ਹੋਵੇ'। ਪਰ ਡੱਲੇ ਦੇ ਮਨ ਅੰਦਰ ਇਹ ਭਰਮ ਪਲਦਾ ਰਿਹਾ। ਡੱਲਾ ਅਕਸਰ ਸੋਚਦਾ ਕਿ ਚਮਕੌਰ ਦੀ ਗੜ੍ਹੀ ਵਿੱਚ ਗੁਰੂ ਜੀ ਦੇ ਸਾਥੀ ਸਿੱਖ ਉਸਦੇ ਆਪਣੇ ਬੰਦਿਆਂ ਜਿਤਨੇ ਬਹਾਦਰ ਅਤੇ ਤਾਕਤਵਰ ਨਹੀਂ ਹੋ ਸਕਦੇ। ਇੱਸੇ ਕਰਕੇ ਸਾਹਿਬਜ਼ਾਦਿਆਂ ਨੂੰ ਗੜ੍ਹੀ ਤੋਂ ਬਾਹਰ ਆ ਕੇ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪਈਆਂ।

ਡੱਲੇ ਨੂੰ ਇਕ ਵਾਰ ਆਪਣੇ ਸੈਨਕਾਂ ਦੀ ਬਹਾਦਰੀ ਦਾ ਸਬੂਤ ਦੇਣ ਦਾ ਮੌਕਾ ਮਿਲ ਗਿਆ। ਇੱਕ ਦਿਨ ਲਾਹੌਰ ਤੋਂ ਇੱਕ ਸਿੰਘ ਗੁਰੂ ਜੀ ਵਾਸਤੇ ਇਕ ਨਵੀਂ ਬੰਦੂਕ 'ਰਾਮ ਜੰਗਾ' ਲੈ ਕੇ ਆਇਆ ਅਤੇ ਗੁਰੂ ਜੀ ਨੂੰ ਭੇਂਟ ਕੀਤੀ। ਗੁਰੂ ਜੀ ਨੇ ਡੱਲਾ ਨੂੰ ਕਿਹਾ: 'ਭਾਈ ਡੱਲਾ! ਮੈਂ ਇਸ ਬੰਦੂਕ ਦੇ ਨਿਸ਼ਾਨੇ ਦੀ ਪਰਖ ਕਰਨਾ ਚਾਹੁੰਦਾ ਹਾਂ। ਆਪਣੇ ਕਿਸੇ ਸੈਨਕ ਨੂੰ ਬੁਲਾਓ ਤਾਕਿ ਮੈਂ ਇਸ ਹਥਿਆਰ ਨੂੰ ਉਸ ਤੇ ਪਰਖ ਸਕਾਂ'।

ਡੱਲੇ ਨੇ ਆਪਣੇ ਸੈਨਕਾਂ ਨੂੰ ਕਿਹਾ, ਪਰ ਬੰਦੂਕ ਦਾ ਨਿਸ਼ਾਨਾ ਬਣਨ ਲਈ ਕੋਈ ਵੀ ਤਿਆਰ ਨਹੀਂ ਸੀ। ਇੱਕ ਇੱਕ ਕਰਕੇ ਸਾਰਿਆਂ ਨੇ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਡੱਲੇ ਨੂੰ ਕਿਹਾ ਕਿ ਉਹ ਆਪ ਆ ਕੇ ਬੰਦੂਕ ਦਾ ਨਿਸ਼ਾਨਾ ਬਣੇ! ਡੱਲੇ ਨੇ ਭਰੀ ਹੋਈ ਬੰਦੂਕ ਦੇਖੀ ਅਤੇ ਡਰ ਗਿਆ। ਉਸਨੇ ਗੁਰੂ ਜੀ ਨੂੰ ਕਿਹਾ: 'ਇਸ ਤਰੀਕੇ ਨਾਲ ਮਰਨ ਲਈ ਕੌਣ ਤਿਆਰ ਹੋ ਸਕਦਾ ਹੈ? ਮੈਂ ਤਾਂ ਕਿਸੇ ਲੜਾਈ ਵਿੱਚ ਬਹਾਦਰੀ ਨਾਲ ਲੜਨਾ ਠੀਕ ਸਮਝਾਂਗਾ'।

ਗੁਰੂ ਜੀ ਨੇ ਫਿਰ ਡੱਲੇ ਨੂੰ ਕਿਹਾ: 'ਭਾਈ ਡੱਲਾ! ਜਾਓ ਦੇਖੋ ਜੇ ਕੋਈ ਸਿੰਘ ਰਸੋਈ ਵਿੱਚ ਹੈ। ਉਸਨੂੰ ਕਹੋ ਕਿ ਤੁਹਾਡਾ ਗੁਰੂ ਇਕ ਬੰਦੂਕ ਦੀ ਪਰਖ ਕਰਨਾ ਚਾਹੁੰਦਾ ਹੈ। ਗੁਰੂ ਇਕ ਸਿੱਖ ਨੂੰ ਬੰਦੂਕ ਦਾ ਨਿਸ਼ਾਨਾ ਬਨਾਉਣਾ ਚਾਹੁੰਦਾ ਹੈ'।

ਰਸੋਈ ਵਾਲੇ ਪਾਸੇ ਦੇਖਦਿਆਂ, ਡੱਲੇ ਨੇ ਕੁੱਝ ਦੂਰੀ ਤੋਂ ਗੁਰੂ ਜੀ ਦਾ ਹੁਕਮ ਸੁਣਾਇਆ। ਉਸਨੂੰ ਕਿਸੇ ਵਲੋਂ ਜੁਆਬ ਦੀ ਉਮੀਦ ਨਹੀਂ ਸੀ। ਡੱਲੇ ਦੇ ਆਵਾਜ਼ ਦੇਣ ਵੇਲੇ ਉੱਥੇ ਦੋ ਹੀ ਸਿੱਖ ਸਨ। ਉਹਨਾਂ ਦੋਨਾਂ ਨੂੰ ਦੌੜਦਿਆਂ ਆਉਂਦਿਆਂ ਦੇਖ ਕੇ ਡੱਲਾ ਹੈਰਾਨ ਹੋ ਗਿਆ। ਹਰੇਕ ਦੀ ਕੋਸ਼ਸ਼ ਸੀ ਕਿ ਇੱਕ ਦੂਜੇ ਤੋਂ ਅੱਗੇ ਹੋ ਸਕੇ। ਗੁਰੂ ਜੀ ਨੇ ਕਿਹਾ: 'ਮੈਂ ਸਿਰਫ਼ ਇਕ ਸਿੱਖ ਨੂੰ ਹੀ ਪਰਖ ਵਾਸਤੇ ਬੁਲਾਇਆ ਹੈ, ਦੋ ਨਹੀਂ। ਦੋਨੋ ਸਿੰਘਾਂ ਨੇ ਇਕੱਠਿਆਂ ਜੁਆਬ ਦਿੱਤਾ: 'ਗੁਰੂ ਜੀ! ਤੁਸੀਂ ਇਕ ਸਿੰਘ ਨੂੰ ਬੁਲਾਇਆ, ਪਰ ਕਿਸੇ ਦਾ ਵਿਸ਼ੇਸ਼ ਨਾਮ ਨਹੀਂ ਲਿਆ। ਮੈਂ ਤੁਹਾਡਾ ਹੁਕਮ ਪਹਿਲਾਂ ਸੁਣਿਆ; ਇਸ ਲਈ ਮੈਂ ਆਇਆ ਹਾਂ। ਬੰਦੂਕ ਦਾ ਨਿਸ਼ਾਨਾ ਬਣਨਾ ਮੇਰਾ ਹੱਕ ਹੈ'।

ਗੁਰੂ ਜੀ ਨੇ ਦੋਨਾਂ ਨੂੰ ਅੱਗੇ ਪਿੱਛੇ ਖੜੇ ਹੋਣ ਲਈ ਕਿਹਾ ਅਤੇ ਉਹਨਾਂ ਦੇ ਸਿਰ ਉਪਰੋਂ ਬੰਦੂਕ ਚਲਾ ਦਿੱਤੀ। ਦੋਨੋ ਸਿੰਘ ਅਹਿੱਲ ਖੜੇ ਰਹੇ। ਜਦ ਡੱਲੇ ਨੇ ਸਿੰਘਾਂ ਦੀ ਹਿੰਮਤ ਦੇਖੀ, ਉਹ ਆਪਣੇ ਸਿਹਤਮੰਦ ਸੈਨਕਾਂ ਦੀ ਬੁਜ਼ਦਿਲੀ ਤੋਂ ਸ਼ਰਮਿੰਦਾ ਹੋ ਗਿਆ। ਉਸਨੇ ਸਿੰਘਾਂ ਦੀ ਬਹਾਦਰੀ ਦਾ ਪੱਧਰ ਦੇਖਿਆ ਜੋ ਉਹਨਾਂ ਨੇ ਚਮਕੌਰ ਦੀ ਗੜ੍ਹੀ ਵਿੱਚ ਦਿਖਾਈ ਸੀ। ਉਸ ਦਿਨ ਤੋਂ ਡੱਲਾ ਆਪਣੇ ਸੈਨਕਾਂ ਦੀਆ ਸਿਫ਼ਤਾਂ ਕਰਨੋ ਹਟ ਗਿਆ।

******************

# ੧੭. ਜ਼ਫ਼ਰਨਾਮਾ ਅਸਰਦਾਰ ਸਾਬਤ ਹੋਇਆ

**੧੭੦੭** *(ਉਮਰ ੪੧):* ਇਕ ਹੋਰ ਮੁਸਲਿਮ ਪ੍ਰਸੰਸਕ, ਰਾਏਕੋਟ ਦੇ ਰਾਏ ਕਲ੍ਹਾ, ਦੀ ਦੋਸਤੀ ਕਾਰਨ, ਗੁਰੂ ਜੀ ਮਾਲਵਾ ਵਿੱਚ ਦੀਨਾ ਪਹੁੰਚੇ। ਉੱਥੇ ਗੁਰੂ ਜੀ ਨੇ ਬਰਾੜ ਬਰਾਦਰੀ ਵਿੱਚੋਂ ਕੁਝ ਸੈਂਕੜੇ ਯੋਧੇ ਭਰਤੀ ਕੀਤੇ, ਅਤੇ ਉੱਥੇ ਹੀ ਔਰੰਗਜ਼ੇਬ ਨੂੰ ਮੁਖਾਤਬ ਕਰਦਿਆਂ ਫ਼ਾਰਸੀ ਵਿੱਚ ਇਕ ਅਹਿਮ ਪਰਚੇ 'ਜ਼ਫ਼ਰਨਾਮਾ' ਦੀ ਰਚਨਾ ਕੀਤੀ। ਇਹ ਪਰਚਾ ਸ਼ਹਿਨਸ਼ਾਹ ਅਤੇ ਉਸਦੇ ਕਮਾਂਡਰਾਂ ਪ੍ਰਤੀ ਇਕ ਗੰਭੀਰ ਦੋਸ਼-ਆਰੋਪਣ ਸੀ, ਜਿਹਨਾਂ ਨੇ ਆਪਣੀ ਸੌਗੰਧ ਨੂੰ ਪੂਰਾ ਨਾ ਕੀਤਾ ਅਤੇ ਅਨੰਦਪੁਰ ਦੇ ਕਿਲੇ ਦੀ ਸੁਰੱਖਿਅਤਾ ਵਿੱਚੋਂ ਨਿਕਲਦਿਆਂ ਸਾਰ ਹੀ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਇਸ ਨਾਲ ਰਾਜ ਦੇ ਮਹੱਤਵ-ਪੂਰਣ ਸਦਾਚਾਰਕ ਮਾਮਲਿਆਂ ਤੇ ਅਤੇ ਲੋਕਾਂ ਦੇ ਵਿਵਹਾਰ ਤੇ ਵੀ ਗੰਭੀਰ ਅਸਰ ਹੋਇਆ, ਜਦ ਕਿ ਜ਼ਰੀਹੇ ਕਿਸੇ ਅੰਤਮ ਨਿਰਣੈ ਵਾਂਗੂੰ ਹੀ ਜ਼ਰੂਰੀ ਹੁੰਦੇ ਹਨ।

ਦਯਾ ਸਿੰਘ ਅਤੇ ਧਰਮ ਸਿੰਘ, ਦੋ ਸਿੰਘਾਂ ਨੂੰ ਦੱਖਣ ਵਿੱਚ ਅਹਿਮਦਨਗਰ ਭੇਜਿਆ ਗਿਆ ਤਾਂਕਿ 'ਜ਼ਫ਼ਰਨਾਮਾ' ਔਰੰਗਜ਼ੇਬ ਤੱਕ ਪਹੁੰਚਾਇਆ ਜਾ ਸਕੇ। 'ਜ਼ਫ਼ਰਨਾਮਾ' ਪਰਚੇ ਨੇ ਔਰੰਗਜ਼ੇਬ ਨੂੰ ਪੂਰੀ ਤਰ੍ਹਾਂ ਹਿਲਾ ਦਿੱਤਾ। ਔਰੰਗਜ਼ੇਬ ਨੇ ਗੁਰੂ ਜੀ ਨੂੰ ਮਿਲਣ ਲਈ ਤੁਰੰਤ ਸੱਦਾ ਭੇਜਿਆ। ਅਹਿਕਮੇ-ਆਲਮਗੀਰ ਦੇ ਅਨੁਸਾਰ, ਔਰੰਗਜ਼ੇਬ ਨੇ ਇਕ ਪੱਤਰ ਲਾਹੌਰ ਦੇ ਮੀਤ-ਗਵਰਨਰ ਮੁਨੀਮ ਖਾਂ ਨੂੰ ਲਿਖਿਆ ਕਿ ਗੁਰੂ ਜੀ ਨਾਲ ਸਮਝੌਤਾ ਕਰਕੇ ਉਹਨਾਂ ਦੀ ਦੱਖਣ ਯਾਤਰਾ ਲਈ ਸਾਰੇ ਪ੍ਰਬੰਧ ਕੀਤੇ ਜਾਣ। ਖੈਰ, ਗੁਰੂ ਜੀ ੩੦ ਅਕਤੂਬਰ, ੧੭੦੬ ਨੂੰ ਪਹਿਲਾਂ ਹੀ ਦੱਖਣ ਦੀ ਤਰਫ਼ ਚਲ ਪਏ ਸਨ। ਉਹ ਰਾਜਸਥਾਨ ਵਿੱਚ ਭਾਗੌਰ ਦੇ ਨੇੜੇ ਸਨ ਜਦ ਔਰੰਗਜ਼ੇਬ ਦੀ ਮੌਤ ਦੀ ਖਬਰ ਮਿਲੀ। ਸ਼ਹਿਨਸ਼ਾਹ ਔਰੰਗਜ਼ੇਬ ੨੦ ਫਰਵਰੀ, ੧੭੦੭ ਨੂੰ ਪ੍ਰਲੋਕ ਸਿਧਾਰ ਗਿਆ।

ਗੁਰੂ ਜੀ ਨੇ ਵਾਪਸ ਪੰਜਾਬ ਪਰਤ ਜਾਣ ਦਾ ਫ਼ੈਸਲਾ ਕੀਤਾ। ਉਸ ਸਮੇਂ ਸ਼ਹਿਨਸ਼ਾਹ ਦੇ ਪੁੱਤਰ ਸਿੰਘਾਸਨ ਲਈ ਲੜ ਰਹੇ ਸਨ। ਗੁਰੂ ਜੀ ਨੇ ਵੱਡੇ ਦਾਅਵੇਦਾਰ, ਸ਼ਹਿਜ਼ਾਦਾ ਮੁਅੱਜ਼ਮ, ਨੂੰ ਮਦਦ ਭੇਜੀ। ਸਿੱਖਾਂ ਦੀ ਇਕ ਟੁਕੜੀ ਨੇ ਜਜਾਉ ਦੀ ਲੜਾਈ (੮ ਜੂਨ, ੧੭੦੭) ਵਿੱਚ ਹਿੱਸਾ ਲਿਆ। ਮੁਅੱਜ਼ਮ ਨਿਰਣਾਇਕ ਰੂਪ ਵਿੱਚ ਜਿੱਤ ਗਿਆ ਅਤੇ ਬਹਾਦਰ ਸ਼ਾਹ ਦੇ ਖਿਤਾਬ ਨਾਲ ਸਿੰਘਾਸਨ ਤੇ ਬੈਠਾ। ਨਵੇਂ ਬਣੇ ਸ਼ਹਿਨਸ਼ਾਹ ਨੇ ਗੁਰੂ ਜੀ ਨੂੰ ਮਿਲਣ ਲਈ ਸੱਦਾ ਭੇਜਿਆ ਅਤੇ ੨੩ ਜੁਲਾਈ, ੧੭੦੭ ਨੂੰ ਉਹਨਾਂ ਦੀ ਮੁਲਾਕਾਤ ਹੋਈ।

*******************

# ੧੯. ਮਾਧੋ ਦਾਸ ਤੋਂ ਬੰਦਾ ਬਹਾਦੁਰ

**੧੭੦੮** *(ਉਮਰ ੪੨):* ਸ਼ਹਿਨਸ਼ਾਹ ਬਹਾਦਰ ਸ਼ਾਹ ਐਂਬਰ ਦੇ ਰਾਜਪੂਤਾਂ (ਜੈਪੁਰ) ਦੇ ਵਿਰੁੱਧ ਅਤੇ ਫਿਰ ਦੱਖਣ ਦੀ ਤਰਫ਼ ਵਧਿਆ ਜਿਥੇ ਉਸਦੇ ਛੋਟੇ ਭਰਾ ਕਾਮ ਬਖ਼ਸ਼ ਨੇ ਬਗ਼ਾਵਤ ਕਰ ਦਿੱਤੀ ਸੀ। ਗੁਰੂ ਜੀ ਬਹਾਦਰ ਸ਼ਾਹ ਨਾਲ ਚਲਦੇ ਰਹੇ ਅਤੇ ਰਸਤੇ ਵਿੱਚ ਲੋਕਾਂ ਦੇ ਕਈ ਇਕੱਠਾਂ ਨੂੰ ਗੁਰਬਾਣੀ ਪ੍ਰਚਾਰ ਲਈ ਸੰਬੋਧਨ ਕੀਤਾ, ਜੋ ਸ਼ਬਦ ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਬਖ਼ਸ਼ਿਆ ਸੀ ਅਤੇ ਹੋਰ ਗੁਰੂਆਂ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਬਿ ਵਿੱਚ ਅੰਕਤ ਕੀਤਾ ਸੀ। ੧੧-੧੪ ਜੂਨ, ੧੭੦੮ ਵਿੱਚ ਇਹ ਦੋਵੇਂ ਕੈਂਪਾਂ ਨੇ ਦਰਿਆ ਤਪਤੀ ਨੂੰ ਪਾਰ ਕੀਤਾ। ੧੪ ਅਗਸਤ ਨੂੰ ਗੁਰੂ ਜੀ ਗੋਦਾਵਰੀ ਕੰਢੇ ਨਾਦੇੜ ਪਹੁੰਚੇ। ਬਹਾਦਰ ਸ਼ਾਹ ਇਸ ਸਮੇਂ ਵਿੱਚ ਦੱਖਣ ਦੀ ਤਰਫ਼ ਅੱਗੇ ਵਧਦਾ ਗਿਆ। ਗੁਰੂ ਜੀ ਨੇ ਕੁਝ ਸਮਾਂ ਨਾਦੇੜ ਵਿੱਚ ਠਹਿਰਨ ਦਾ ਮਨ ਬਣਾਇਆ। ਉੱਥੇ ਹੀ ਗੋਦਾਵਰੀ ਦੇ ਕੰਢੇ ਮਾਧੋ ਦਾਸ ਨਾਮੀ ਇਕ ਬੈਰਾਗੀ ਸਨਿਆਸੀ ਰਹਿੰਦਾ ਸੀ।

ਜਦ ਗੁਰੂ ਗੋਬਿੰਦ ਸਿੰਘ ਇਸ ਆਸ਼ਰਮ ਵਿੱਚ ਪਹੁੰਚੇ, ਉਹ ਬੈਰਾਗੀ ਉਸ ਵੇਲੇ ਉੱਥੇ ਨਹੀਂ ਸੀ। ਗੁਰੂ ਜੀ ਅੰਦਰ ਜਾਕੇ ਬੈਰਾਗੀ ਦੇ ਆਸਣ ਤੇ ਬੈਠ ਗਏ ਅਤੇ ਰਾਤ ਦੇ ਖਾਣੇ ਲਈ ਬੈਰਾਗੀ ਦੀ ਇਕ ਬੱਕਰੀ ਨੂੰ ਝਟਕਾਉਣ ਲਈ ਸਿੱਖਾਂ ਨੂੰ ਕਿਹਾ। ਬੈਰਾਗੀ ਦਾ ਇਕ ਚੇਲਾ ਆਉਣ ਵਾਲੇ ਦੇ ਕਿਰਦਾਰ ਬਾਰੇ ਉਸਨੂੰ ਦੱਸਣ ਲਈ ਦੌੜਿਆ। ਉਹ ਬੇਰਾਗੀ ਗੁੱਸੇ ਵਿੱਚ ਅੱਗ-ਬਬੂਲਾ ਹੋ ਗਿਆ। ਆਪਣੀਆਂ ਕਲਪਿਤ ਜਾਦੂ ਸ਼ਕਤੀਆਂ ਦੇ ਸਹਾਰੇ ਉਸਨੇ ਗੁਰੂ ਜੀ ਵਲੋਂ ਉਸਦਾ ਮੱਲਿਆ ਆਸਣ ਉਲਟਾਉਣ ਦੀ ਕੋਸ਼ਸ਼ ਕੀਤੀ। ਪਰ ਉਹ ਇਸਤਰ੍ਹਾਂ ਕਰਨ ਵਿੱਚ ਅਸਫ਼ਲ ਰਿਹਾ। ਕਹਿੰਦੇ ਹਨ ਕਿ ਉਹ ਪਹਿਲਾਂ ਕਦੇ ਇਸਤਰ੍ਹਾਂ ਅਸਫ਼ਲ ਨਹੀਂ ਸੀ ਹੋਇਆ। ਉਸਨੇ ਆਸ਼ਰਮ ਵਿੱਚ ਜਾ ਕੇ ਫਿਰ ਜਾਦੂ ਦੇ ਸਹਾਰੇ ਕੋਸ਼ਸ਼ ਕੀਤੀ। ਪਰ ਉਹ ਫਿਰ ਫ਼ੇਹਲ ਹੋ ਗਿਆ। ਫਿਰ ਉਹ ਗੁਰੂ ਜੀ ਸਾਹਮਣੇ ਗਿਆ। ਹੇਠ ਲਿਖਿਆ ਵਾਰਤਾਲਾਪ ਹੋਇਆ ਦਸਿਆ ਜਾਂਦਾ ਹੈ:

*ਮਾਧੋ ਦਾਸ: ਤੁਸੀਂ ਕੌਣ ਹੋ?*
*ਗੁਰੂ ਜੀ: ਜਿਸਨੂੰ ਤੂੰ ਜਾਣਦਾ ਹੈਂ।*
*ਮਾਧੋ ਦਾਸ: ਮੈਂ ਕੀ ਜਾਣਦਾ ਹਾਂ?*
*ਗੁਰੂ ਜੀ: ਇਸਨੂੰ ਚੰਗੀ ਤਰ੍ਹਾਂ ਸੋਚੋ!*
*ਮਾਧੋ ਦਾਸ: (ਕੁਝ ਦੇਰ ਬਾਅਦ) ਤਾਂ ਤੁਸੀਂ ਗੁਰੂ ਗੋਬਿੰਦ ਸਿੰਘ ਹੋ?*
*ਗੁਰੂ ਜੀ: ਜੀ ਹਾਂ।*
*ਮਾਧੌ ਦਾਸ: ਇੱਥੇ ਕਾਹਦੇ ਲਈ ਆਏ ਹੋ?*
*ਗੁਰੂ ਜੀ: ਮੈਂ ਤੈਨੂੰ ਆਪਣਾ ਚੇਲਾ ਬਨਾਉਣ ਆਇਆ ਹਾਂ।*
*ਮਾਧੋ ਦਾਸ: ਮੈਂ ਮੰਨਦਾ ਹਾਂ। ਮੈਂ ਤੁਹਾਡਾ ਬੰਦਾ (ਸੇਵਕ)।*[੬]

ਇਸਤਰ੍ਹਾਂ ਕਹਿਕੇ, ਮਾਧੋ ਦਾਸ ਗੁਰੂ ਜੀ ਦੇ ਚਰਨਾ ਤੇ ਢਹਿ ਪਿਆ। ਗੁਰੂ ਜੀ ਨੇ ਬੰਦੇ ਨੂੰ ਸਿੱਖੀ ਦੇ ਨਿਯਮਾਂ ਬਾਰੇ ਸਮਝਾਇਆ। ਇਸੇ ਸਮੇਂ ਵਿੱਚ ਉਸਨੂੰ ਅੰਮ੍ਰਿਤ ਛਕਾਇਆ। ਖੰਡੇ ਦੀ ਪਾਹੁਲ ਛਕ ਕੇ ਮਾਧੋ ਦਾਸ ਸਿੱਖ ਬਣ ਗਿਆ। ਉਸਦਾ ਨਾਮ ਬਦਲ ਕੇ ਗੁਰਬਖ਼ਸ਼ ਸਿੰਘ ਰਖ ਦਿੱਤਾ ਗਿਆ ਜੋ ਆਮ ਕਰਕੇ 'ਬੰਦਾ ਬਹਾਦੁਰ' ਦੇ

ਨਾਮ ਨਾਲ ਜਾਣਿਆ ਜਾਣ ਲੱਗਾ। ਗੁਰੂ ਜੀ ਨੇ ਬੰਦਾ ਸਿੰਘ ਨੂੰ ਆਪਣੇ ਭੱਥੇ ਵਿੱਚੋਂ ਪੰਜ ਤੀਰ ਦਿਤੇ ਅਤੇ ਨਾਲ ਇਕ ਅਹਿਲਕਾਰ ਵੀ ਦਿੱਤਾ ਜਿਹਨਾਂ ਵਿੱਚ ਗੁਰੂ ਜੀ ਦੇ ਪੰਜ ਪਿਆਰੇ ਵੀ ਸਨ। ਉਸਨੂੰ ਪੰਜਾਬ ਜਾਣ ਦਾ ਹੁਕਮ ਕੀਤਾ ਅਤੇ ਸੂਬੇ ਦੇ ਜ਼ਾਲਮ ਹਾਕਮਾਂ ਵਿਰੁੱਧ ਇਕ ਲਹਿਰ ਚਲਾਉਣ ਲਈ ਕਿਹਾ।

---

*(੬) – ਜਿਸਤਰ੍ਹਾਂ ਕਿ ਐਹਮਦ ਸ਼ਾਹ ਦੀ 'ਜਿਕਰ-ਏ-ਗੁਰੂਆਂ ਵਾ ਇਬਤਿਦੇ-ਈ-ਸਿੰਘਾਂ ਵਾ ਮਜਹਬ-ਈ-ਈਸ਼ਾਨ ਵਿੱਚ ਲਿਖਿਆ ਹੈ। ਇਹ ਟੂਕ ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਦੀ ਕਿਤਾਬ 'ਏ ਸ਼ਾਰਟ ਹਿਸਟਰਈ ਆਫ ਸਿੱਖਸ' ਦੇ ਪੰਨਾਂ ੭੮ ਤੋਂ ਲਈ ਗਈ ਹੈ।*

*******************

# ੧੯. ਸ਼ਬਦ ਹੀ ਗੁਰੂ ਹੈ

**੧੭੦੮** *(ਉਮਰ ੪੨):* ਸਰਹੰਦ ਦੇ ਨਵਾਬ ਵਜ਼ੀਰ ਖਾਂ ਨੂੰ ਸ਼ਹਿਨਸ਼ਾਹ ਵਲੋਂ ਗੁਰੂ ਜੀ ਨਾਲ ਸਮਝੌਤਾ-ਭਰੇ ਵਿਵਹਾਰ ਕਰਨ ਤੇ ਬਹੁਤ ਚਿੰਤਾ ਸੀ। ਫਿਰ ਉਹਨਾਂ ਦਾ ਦੱਖਣ ਦੀ ਤਰਫ਼ ਇਕੱਠੇ ਚਲਣਾ ਵੀ ਉਸਨੂੰ ਡਰਾਉਂਦਾ ਸੀ। ਵਜ਼ੀਰ ਖਾਂ ਨੇ ਅਜਿਹੇ ਸਮਝੌਤੇ ਤੋਂ ਪਹਿਲਾਂ ਹੀ ਕਿਸੇ ਨੁਕਸਾਨ ਤੋਂ ਬਚਣ ਲਈ ਆਪਣੇ ਦੋ ਵਿਸ਼ਵਾਸ-ਪਾਤਰ ਬੰਦਿਆਂ ਨੂੰ ਗੁਰੂ ਜੀ ਦਾ ਕਤਲ ਕਰਨ ਲਈ ਤਿਆਰ ਕੀਤਾ। ਦੋ ਪਠਾਣਾਂ ਨੇ ਗੁਪਤ ਰੂਪ ਵਿੱਚ ਨਾਦੇੜ ਤੱਕ ਗੁਰੂ ਜੀ ਦਾ ਪਿੱਛਾ ਕੀਤਾ। ਉਹਨਾਂ ਵਿੱਚੋਂ ਇਕ ਨੇ ਗੁਰੂ ਜੀ ਨੂੰ ਰਹਿਰਾਸ ਤੋਂ ਬਾਅਦ ਕਮਰੇ ਵਿੱਚ ਆਰਾਮ ਕਰਦਿਆਂ ਛੁਰਾ ਮਾਰ ਦਿੱਤਾ। ਦੂਜੀ ਵਾਰ ਛੁਰਾ ਮਾਰਨ ਤੋਂ ਪਹਿਲਾਂ, ਗੁਰੂ ਜੀ ਨੇ ਉਸ ਪਠਾਣ ਨੂੰ ਆਪਣੀ ਤਲਵਾਰ ਨਾਲ ਮਾਰ ਦਿੱਤਾ। ਸਿੱਖਾਂ ਨੇ ਜਦ ਰੌਲਾ ਪੈਂਦਾ ਸੁਣਿਆ ਤਾਂ ਉਹਨਾਂ ਨੇ ਦੌੜਦੇ ਹੋਏ ਸਾਥੀ ਨੂੰ ਤਲਵਾਰ ਹੇਠ ਲੈ ਆਂਦਾ। ਜਦ ਇਹ ਖਬਰ ਬਹਾਦੁਰ ਸ਼ਾਹ ਕੋਲ ਪਹੁੰਚੀ, ਉਸਨੇ ਮਾਹਰ ਸਰਜਨਾਂ ਅਤੇ ਕੋਲ ਨਾਮੀ ਅੰਗਰੇਜ ਨੂੰ ਇਲਾਜ ਕਰਨ ਲਈ ਭੇਜਿਆ। ਜ਼ਖ਼ਮ ਨੂੰ ਸੀ ਦਿੱਤਾ ਗਿਆ ਅਤੇ ਉਹ ਜਲਦੀ ਹੀ ਠੀਕ ਹੋਣਾਂ ਸ਼ੁਰੂ ਹੋ ਗਿਆ। ਇਕ ਦਿਨ ਗੁਰੂ ਜੀ ਨੇ ਇਕ ਸਖ਼ਤ ਕਮਾਨ ਨੂੰ ਬਹੁਤ ਜ਼ੋਰ ਨਾਲ ਖਿੱਚਿਆ ਅਤੇ ਉਹ ਜ਼ਖ਼ਮ ਜਿਹੜਾ ਹਾਲੇ ਠੀਕ ਹੋ ਰਿਹਾ ਸੀ, ਉਹ ਫਟ ਗਿਆ ਅਤੇ ਬਹੁਤ ਖ਼ੂਨ ਵਹਿ ਤੁਰਿਆ।

ਅੰਤ ਵੇਲਾ ਆਉਣ ਤੋਂ ਪਹਿਲਾਂ, ਗੁਰੂ ਗੋਬਿੰਦ ਸਿੰਘ ਜੀ ਨੇ ਪਵਿੱਤ੍ਰ ਗੁਰੂ ਗ੍ਰੰਥ ਸਾਹਿਬ ਲਿਆਉਣ ਲਈ ਕਿਹਾ। ਭੱਟ ਵਹੀ ਤਲੂਡਾ ਪਰਗਣਾ ਜੀਂਦ ਅਨੁਸਾਰ: 'ਗੁਰੂ ਗੋਬਿੰਦ ਸਿੰਘ, ਦਸਵਾਂ ਪਾਤਸ਼ਾਹ, ਗੁਰੂ ਤੇਗ਼ ਬਹਾਦੁਰ ਜੀ ਦਾ ਬੇਟਾ, ਗੁਰੂ ਹਰਿਗੋਬਿੰਦ ਜੀ ਦਾ ਪੋਤਾ, ਗੁਰੂ ਅਰਜਨ ਦਾ ਪੜੋਤੜਾ ਅਤੇ ਸੂਰਜਬੰਸੀ ਗੁਰੂ ਰਾਮਦਾਸ ਜੀ ਦੇ ਪਰਵਾਰ ਵਿੱਚੋਂ ਗੋਸਲ ਕਬੀਲਾ ਅਤੇ ਖਤਰੀ ਜਾਤੀ, ਅਨੰਦਪੁਰ ਦਾ ਵਾਸੀ, ਪਰਗਨਾ ਕਾਲੂਰ, ਇਸ ਵੇਲੇ ਨਾਦੇੜ ਦੇ ਦਖਣ ਗੋਦਾਵਰੀ ਦੇਸ਼ ਵਿੱਚ ਭਾਈ ਦਯਾ ਸਿੰਘ ਨੂੰ ਬੁੱਧਵਾਰ ੬ ਅਕਤੂਬਰ ੧੭੦੮ ਨੇ ਗੁਰੂ ਗ੍ਰੰਥ ਸਾਹਿਬ ਲਿਆਉਣ ਲਈ ਕਿਹਾ। ਗੁਰੂ ਜੀ ਦਾ ਹੁਕਮ ਮੰਨਦਿਆਂ ਹੋਇਆਂ, ਭਾਈ ਦਯਾ ਸਿੰਘ ਗੁਰੂ ਗ੍ਰੰਥ ਸਾਹਿਬ ਲੈ ਆਇਆ। ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਪੰਜ ਪੈਸੇ ਅਤੇ ਇਕ ਨਾਰੀਅਲ ਰੱਖ ਕੇ ਆਪਣਾ ਸਿਰ ਝੁਕਾਇਆ। ਉਹਨਾਂ ਨੇ ਸੰਗਤਾਂ ਨੂੰ ਕਿਹਾ: 'ਮੇਰਾ ਇਹ ਹੁਕਮ ਹੈ: ਮੇਰੀ ਥਾਂ ਤੇ ਸ੍ਰੀ ਗੁਰੂ ਗ੍ਰੰਥ ਨੂੰ ਮੰਨਣਾ! ਜਿਹੜਾ ਵੀ ਇਸ ਹੁਕਮ ਦੀ ਪਾਲਣਾ ਕਰੇਗਾ, ਇਸਦਾ ਫ਼ਲ ਪਾਏਗਾ। ਗੁਰੂ ਆਪ ਉਸਦੀ ਰਖਿਆ ਕਰੇਗਾ। ਇਸਨੂੰ ਸੱਚ ਕਰਕੇ ਮੰਨਣਾ'।

*੭* ਅਕਤੂਬਰ, ੧੭੦੮ ਨੂੰ ਗੁਰੂ ਜੀ ਜੋਤੀ ਜੋਤ ਸਮਾ ਗਏ।

ਇਸਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਲੋੜੀਂਦੀ ਰਸਮ ਅਨੁਸਾਰ ਆਪਣੀ ਜਾਨਸ਼ੀਨੀ ਮਹਾਨ ਗ੍ਰੰਥ – ਸ੍ਰੀ ਗੁਰੂ ਗ੍ਰੰਥ ਸਾਹਿਬ – ਨੂੰ ਸੌਂਪ ਦਿਤੀ, ਅਤੇ ਦੇਹਧਾਰੀ ਗੁਰੂ ਦੀ ਪਰੰਪਰਾ ਦਾ ਅੰਤ ਕਰ ਦਿੱਤਾ। ਉਹਨਾਂ ਵਲੋਂ ਆਖਿਆ ਗਿਆ: 'ਗੁਰੂ ਜੀ ਦੀ ਰੂਹ ਹੁਣ ਅੱਗੇ ਤੋਂ ਇਸ ਗ੍ਰੰਥ ਅਤੇ ਖਾਲਸਾ ਵਿੱਚ ਹੋਵੇਗੀ। ਜਿਥੇ ਵੀ ਪੰਜ ਸਿੱਖਾਂ ਦੀ ਨੁਮਾਇੰਦਗੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਹੋਵੇਗੀ, ਉਥੇ ਗੁਰੂ ਜੀ ਆਪ ਹਾਜ਼ਰ-ਨਾਜ਼ਰ ਹੋਣਗੇ'।

ਇਸ ਗ੍ਰੰਥ ਵਿੱਚ ‘ਸਬਦ’ ਦੀ ਰੂਪਮਾਨਤਾ ਨੂੰ ਇਲਾਹੀ ਬਖ਼ਸ਼ਸ਼ ਵਜੋਂ ਸਾਰੇ ਗੁਰੂ ਹਮੇਸ਼ਾ ਹੀ ਸਨਮਾਨ ਦਿੰਦੇ ਆਏ ਹਨ। ਸਾਰੇ ਸਿੱਖ ਗੁਰੂ (ਦਸ ਨਾਨਕ) ‘ਸਬਦ’ ਨੂੰ ਪ੍ਰਗਟਾਉਣ ਵਾਲੇ ਸਨ। ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਤੌਰ ਤੇ ਕਿਹਾ ਸੀ ਕਿ ‘ਸਬਦ’ ਗੁਰੂ ਹੀ ਉਹਨਾਂ ਦਾ ਗੁਰੂ ਹੈ। ‘ਸਬਦ’ ਨੇ ਹੀ ਇਕ ਦਿਨ ਮਾਨਵ-ਗੁਰੂ ਦੀ ਥਾਂ ਲੈਣੀ ਹੈ। ਇਸਤਰ੍ਹਾਂ ਹੀ ਹੋਇਆ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਅਧਿਆਤਮਿਕ ਅਤੇ ਸਿੱਖਾਂ ਦਾ ਸਦਾਕਾਲ ਰਹਿਣ ਵਾਲਾ ਜਾਨਸ਼ੀਨ ਗੁਰੂ ਘੋਸ਼ਤ ਕੀਤਾ।

ਗੁਰੂ ਗ੍ਰੰਥ ਸਾਹਿਬ ਵਿੱਚਲੇ ਇਲਾਹੀ ਸਬਦ ਸਦਕਾ ਹੀ ‘ਸਬਦ ਗੁਰੂ’ ਸਦਾਕਾਲ ਅਮਰ-ਰੂਪੀ ਗੁਰੂ ਹੋ ਗਿਆ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਤ ‘ਸਬਦ’ ਸਦਾਕਾਲ ਹੀ ‘ਸਿੱਖਾਂ ਦਾ ਗੁਰੂ’ ਬਣਿਆ ਰਹੇਗਾ।

*******************

# ੨੦. ਦਸਵੇਂ ਨਾਨਕ ਦੀਆਂ ਵਿਸ਼ੇਸ਼ਤਾਈਆਂ

ਗੁਰੂ ਗੋਬਿੰਦ ਸਿੰਘ ਜੀ (੧੬੬੬ – ੧੭੦੮)

| | |
|---|---|
| ਜਨਮ | ੨੨ ਦਸੰਬਰ, ੧੬੬੬ |
| ਜਨਮ-ਸਥਾਨ | ਪਟਨਾ ਸਾਹਿਬ, ਬਿਹਾਰ |
| ਮਾਪੇ | ਪਿਤਾ: ਸ੍ਰੀ ਗੁਰੂ ਤੇਗ਼ ਬਹਾਦਰ ਜੀ, ਨਾਵੇਂ ਗੁਰੂ<br>ਮਾਤਾ: ਮਾਤਾ ਗੁਜਰੀ ਜੀ |
| ਪਤਨੀ | ਮਾਤਾ ਜੀਤੋ ਜੀ |
| ਬੱਚੇ | ਸਾਹਿਬਜ਼ਾਦਾ ਅਜੀਤ ਸਿੰਘ ਜਨਮ ੧੬੮੭)<br>ਸਾਹਿਬਜ਼ਾਦਾ ਜੁਝਾਰ ਸਿੰਘ (ਜਨਮ ੧੬੯੧)<br>ਸਾਹਿਬਜ਼ਾਦਾ ਜ਼ੋਰਾਵਰ ਸਿੰਘ (ਜਨਮ ੧੬੯੬)<br>ਸਾਹਿਬਜ਼ਾਦਾ ਫ਼ਤਹਿ ਸਿੰਘ (ਜਨਮ ੧੬੯੯) |
| ਗੁਰਗੱਦੀ | ੧੧ ਨਵੰਬਰ, ੧੬੭੫ |
| ਜੋਤੀ ਜੋਤ | ੭ ਅਕਤੂਬਰ, ੧੭੦੮ |
| ਯੋਗਦਾਨ | • ੧੬੮੫ ਵਿੱਚ ਜਮੁਨਾ ਨਦੀ ਦੇ ਕੰਢੇ ਤੇ ਸਾਹਿਤਕ ਕੇਂਦਰ ਵਜੋਂ ਪਾਉਂਟਾ ਸਾਹਿਬ ਦੀ ਸਥਾਪਨਾ ਕੀਤੀ। ੫੨ ਕਵੀਆ ਨੂੰ ਇਕੱਠਾ ਕੀਤਾ।ਆਪਣੀ ਕਾਵਿ-ਰਚਨਾ ਰਾਹੀਂ ਆਪਸੀ ਪਿਆਰ ਅਤੇ ਬਰਾਬਰਤਾ ਅਤੇ ਕੱਟੜ ਧਾਰਮਿਕ ਅਤੇ ਨੈਤਿਕ ਧਾਰਣਾਵਾਂ ਦਾ ਪਰਚਾਰ ਕੀਤਾ।<br>• ਪਾਉਂਟਾ ਸਾਹਿਬ ਰਹਿਣ ਵੇਲੇ, ਗੁਰੂ ਜੀ ਨੇ ਵੱਖ ਵੱਖ ਸਰੀਰਕ ਕਸਰਤਾਂ ਦੀ ਸਿਖਿਆ ਦਿਤੀ, ਜਿਵੇਂ ਕਿ ਘੋੜ-ਸਵਾਰੀ, ਤੈਰਨਾ ਅਤੇ ਤੀਰ-ਅੰਦਾਜ਼ੀ।<br>• ਮਸੰਦਾਂ ਦੀ ਪ੍ਰਥਾ ਦਾ ਖਾਤਮਾ ਕੀਤਾ ਜਿਹੜੇ ਗਰੀਬ ਸਿੱਖਾਂ ਨੂੰ ਲੁੱਟਦੇ ਸਨ ਅਤੇ ਸਿੱਖਾਂ ਵਾਸਤੇ ਇਕੱਠੀ ਕੀਤੀ ਮਾਇਆ ਦੀ ਦੁਰ-ਵਰਤੋਂ ਕਰਦੇ ਸਨ। ਸ਼ਰਧਾਲੂਆਂ ਨੂੰ ਸਾਲਾਨਾ ਵੈਸਾਖੀ ਦੇ ਸਮੇਂ ਭੇਟਾ ਸਿੱਧੀ ਗੁਰੂ ਜੀ ਕੋਲ ਲਿਆਉਣ ਲਈ ਕਿਹਾ।<br>• ਪੰਜ ਪਿਆਰਿਆਂ ਦਾ ਚੁਣਾਓ ਕੀਤਾ ਜਿਹੜੇ ਸਿਰ ਵਾਰਨ ਲਈ ਤਿਆਰ ਸਨ।<br>• ਚਰਨ ਪਾਹੁਲ ਦੀ ਬਜਾਏ ਅੰਮ੍ਰਿਤ ਛਕਾਉਣ ਲਈ ਖੰਡੇ ਦੀ ਪਾਹੁਲ ਦੀ ਸਥਾਪਨਾ ਕੀਤੀ।<br>• ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਅਤੇ 'ਆਪ ਗੁਰ ਚੇਲਾ' ਬਣ ਗਏ। ਆਪਣਾ ਨਾਮ ਗੋਬਿੰਦ ਸਿੰਘ ਰਖਿਆ।<br>• ਸਿੱਖਾਂ ਨੂੰ ਪੰਜ ਕਕਾਰ ਧਾਰਣ ਕਰਨ ਲਈ ਕਿਹਾ।<br>• ਮੁਗ਼ਲ ਸਮਰਾਟ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਲਿਖਿਆ। |

# ੨੧. ਵਿਸ਼ਵ ਦੀਆਂ ਮਹੱਤਵਪੂਰਣ ਘਟਨਾਵਾਂ

ਦਸਵੇਂ ਨਾਨਕ ਦੇ ਸਮੇਂ

| | |
|---|---|
| ੧੬੬੭ | ਮਿਲਟਨ ਦੀ 'ਪੈਰਾਡਾਇਸ ਲਾਸਟ' ਜੋ ਕਿ ਅੰਗਰੇਜੀ ਸਭ ਤੋਂ ਵੱਡੀ ਸੂਰਬੀਰਤਾ ਵਾਲੀ ਕਵਿਤਾ ਮੰਨੀ ਜਾਂਦੀ ਹੈ। |
| ੧੬੮੨ | ਵਿਲਿਅਮ ਪੈਂਨ ਨੇ ਪੈਨਸਲਵੈਨਿਆਂ ਸ਼ਹਿਰ ਵਸਾਇਆ। |
| ੧੬੮੫ | ਜੇਮਸ ੨ ਤੋਂ ਬਾਦ ਚਾਰਲਸ ੨ ਇੰਗਲੈਂਡ ਦਾ ਬਾਦਸ਼ਾਹ ਬਣਿਆ। ਉਸਨੇ ਜਮੀਰ ਦੀ ਅਜਾਦੀ ਬਾਰੇ ਕਿਹਾ (੧੬੮੭) |
| ੧੬੮੯ | ਪੀਟਰ ਦ ਗ੍ਰੇਟ ਰੂਸ ਦਾ ਜਾਰ ਬਣਿਆ। ਉਸਨੇ ਰੂਸ ਨੂੰ ਇਕ ਪੱਛਮੀ ਦੇਸ਼ ਅਤੇ ਫੌਜੀ ਤਾਕਤ ਬਣਾਇਆ। |
| ੧੬੯੦ | ਵਿਲਿਅਮ ੩ ਨੇ ਇੰਗਲੈਂਡ ਦ ਬਾਦਸ਼ਾਹ ਜੇਮਸ ੨ ਨੂੰ ਹਰਾਇਆ। ਆਇਰਲੈਂਡ ਦੇ ਵਸਨੀਕਾਂ ਨੇ ਬਾਇਨ ਦੀ ਲੜਾਈ ਵਿੱਚ ਬਗਾਵਤ ਕੀਤੀ। |
| ੧੭੦੭ | ਇੰਗਲੈਂਡ, ਵੇਲਸ ਅਤੇ ਸਕਾਟਲੈਂਡ ਮਿਲਕੇ ਇਕ ਸੰਯੁਕਤ ਰਾਸ਼ਟ੍ਰ ਬਣੇ। |

# ੨੨. ਹਵਾਲੇ :


- ਬੈਡਟਾਇਮ ਸ਼ਟੋਰਿਸ ੧, ਸੰਤੋਖ ਸਿੰਘ ਜਗਦੇਵ, ਸਿੱਖ ਮਿਸ਼ਨਰੀ ਰੀਸੋਰਸ ਸੈਂਟਰ, ਇੰਗਲੈਂਡ
- ਸਟੋਰੀਸ ਫਰਾਮ ਸਿੱਖ ਹਿਸਟਰੀ ੪, ਕਰਤਾਰ ਸਿੰਖ ਅਤੇ ਹੋਰ, ਹੇਮਕੁੰਟ ਪ੍ਰੈਸ, ਨਵੀਂ ਦਿੱਲੀ.
- ਸ਼. ਗੁ. ਪ੍ਰ. ਕ. ਦੀ ਵੈਬਸਾਈਟ – ਦਸ ਗੁਰੂ
- ਸਿੱਖੀਵਿੱਕੀ, ਸਿੱਕਾਂ ਦੀ ਮੁਫਤ ਵੈਬਸਾਈਟ
- ਗੂਗਲ ਤੋਂ ਵਿਸ਼ਵ ਦੀਆਂ ਘਟਨਾਵਾਂ


*******************